ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 4 ਮਈ 2026 (ਨਾਨਕਸ਼ਾਹੀ ਸੰਮਤ : ੫੫੮, ੨੧ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਕੈਨੇਡਾ 'ਚ ਕਪਿਲ ਸ਼ਰਮਾ ਦੇ ਕੈਫੇ ਨਜ਼ਦੀਕ ਫਿਰ ਗੋਲੀਬਾਰੀ

**ਸਰੀ (ਕੈਨੇਡਾ), 3 ਮਈ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ 'ਚ ਕੈਮੇਡੀਅਨ ਕਪਿਲ ਸ਼ਰਮਾ ਦੇ ਕੈਫੇ ਦੇ ਨਜ਼ਦੀਕ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਹਾਲਾਂਕਿ, ਘਟਨਾ ਵਿੱਚ ਕਿਸੇ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਕੈਨੇਡਾ ਪੁਲਿਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਸੀਸੀਟੀਵੀ ਦੀ ਮਦਦ ਨਾਲ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।ਜਾਣਕਾਰੀ ਅਨੁਸਾਰ,ਘਟਨਾ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵੀ ਵਾਇਰਲ ਹੋਈ ਹੈ, ਜਿਸ ਰਾਹੀਂ ਇਸ ਦੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਤਾਰ ਜੁੜੇ ਹਨ। "ਟਾਈਸਨ ਬਿਸ਼ਨੋਈ ਜ਼ੋਰਾ ਸਿੱਧੂ" ਨਾਮ ਦੇ ਇੱਕ ਫੇਸਬੁੱਕ ਅਕਾਊਂਟ ਨਾਲ ਜੁੜੀ ਇਸ ਸੋਸ਼ਲ ਮੀਡੀਆ ਪੋਸਟ ਵਿੱਚ ਭਾਰਤੀ ਕਾਮੇਡੀਅਨ ਕਪਿਲ ਸ਼ਰਮਾ ਨੂੰ ਸਿੱਧੀ ਧਮਕੀ ਵੀ ਦਿੱਤੀ।(ਹਾਲਾਂਕਿ, ਅਦਾਰਾ ਆਵਾਜ਼ਿ ਕੌਮ ਇਸ ਕਥਿਤ ਵਾਇਰਲ ਪੋਸਟ ਦੀ ਪੁਸ਼ਟੀ ਨਹੀਂ ਕਰਦਾ ਹੈ।) ਪੋਸਟ ਰਾਹੀਂ ਸਰੀ 'ਚ 120 ਸਟਰੀਟ, 8263 'ਤੇ ਸਥਿਤ ਕੈਫੇ 'ਤੇ ਗੋਲੀਬਾਰੀ ਦੀ ਜ਼ਿੰਮੇਵਾਰੀ ਲੈਂਦਿਆਂ ਗੈਂਗਸਟਰ ਨੇ ਚੇਤਾਵਨੀ ਦਿੱਤੀ ਹੈ ਕਿ ਉਹ 'ਸੁਧਰ ਜਾਓ'। ਇਸ ਵਿੱਚ ਚਾਹ ਸੁੱਟਾ ਬਾਰੇ ਤੇ ਕਪਿਲ ਨੂੰ ਚੇਤਾਵਨੀ ਵਿੱਚ ਕਿਹਾ ਗਿਆ ਕਿ ਅਸੀਂ ਬੰਦ ਕਰਵਾ ਕੇ ਰਹਾਂਗੇ। ਪੋਸਟ 'ਚ ਕਿਹਾ ਗਿਆ, "ਕਪਿਲ ਸ਼ਰਮਾ ਸਾਡਾ ਸਮਾਂ ਖਰਾਬ ਨਾ ਕੀਤਾ ਜਾਵੇ ਅਤੇ ਜੇਕਰ ਇਸ ਤਰ੍ਹਾਂ ਹੋਇਆ ਤਾਂ ਅਗਲਾ ਨੰਬਰ ਤੇਰਾ ਹੋਵੇਗਾ। ਆਪਣੇ ਗੁਆਂਢੀਆਂ ਤੋਂ ਸਬਕ ਲੈ ਲਓ, ਦੇਖਣਾ ਅਸੀਂ ਇਸਦਾ ਕੀ ਹਾਲ ਕਰਦੇ ਹਾਂ।" ਇਸ ਵਿੱਚ ਅੱਗੇ ਕਿਹਾ ਕਿ ਜੇਕਰ ਕਾਮੇਡੀਅਨ ਨੇ ਉਨ੍ਹਾਂ ਦੀਆਂ ਗੱਲਾਂ ਨੂੰ ਅਣਦੇਖਾ ਕੀਤਾ ਤਾਂ ਅਗਲੀ ਵਾਰੀ ਉਸਦਾ ਕਾਰੋਬਾਰ, ਕੈਪਸ ਕੈਫੇ ਅਤੇ ਮੁੰਬਈ ਵਿੱਚ ਉਸਦੀ ਰਿਹਾਇਸ਼ ਨਿਸ਼ਾਨੇ ਹੋਣਗੇ।

## ਕਾਰਜਕਾਰੀ ਜਥੇਦਾਰ ਨੇ ਸਪੀਕਰ ਸੰਧਵਾਂ ਨੂੰ ਕੀਤਾ ਤਲਬ

# ਸਿੱਖ ਪੰਥ ਨੇ ਬੇਅਦਬੀ ਖਿਲਾਫ਼ ਕਾਨੂੰਨ ਨੂੰ ਕੀਤਾ ਰੱਦ

**ਸ੍ਰੀ ਅੰਮ੍ਰਿਤਸਰ ਸਾਹਿਬ, 3 ਮਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇੱਕ ਅਹਿਮ ਪੰਥਕ ਇਕੱਤਰਤਾ ਸੱਦੀ ਗਈ, ਜਿਸ ਵਿੱਚ ਸਿੱਖ ਜਥੇਬੰਦੀਆਂ, ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਨੇ ਹਿੱਸਾ ਲਿਆ। ਪੰਥਕ ਜਥੇਬੰਦੀਆਂ ਅਤੇ ਆਗੂਆਂ ਦੇ ਹੋਏ ਇਕੱਠ ਨੇ ਸਰਬਸੰਮਤੀ ਨਾਲ ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਖਿਲਾਫ਼ ਬਣਾਏ ਕਾਨੂੰਨ ਨੂੰ ਰੱਦ ਕਰ ਦਿੱਤਾ ਹੈ। ਪੰਥਕ ਇਕੱਤਰਤਾ ਨੇ ਪੰਜਾਬ ਸਰਕਾਰ ਵੱਲੋਂ ਬਣਾਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ 2026' ਨੂੰ ਰੱਦ ਕਰ ਦਿੱਤਾ ਹੈ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਤਲਬ ਕੀਤਾ ਗਿਆ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਪੀਕਰ ਨੂੰ 8 ਮਈ ਨੂੰ ਸਵੇਰੇ 11 ਵਜੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣ ਦਾ ਹੁਕਮ ਕੀਤਾ ਹੈ।ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਪੁੱਛਿਆ ਜਾਵੇਗਾ ਕਿ ਪੰਥ ਦੀ ਆਗਿਆ ਤੋਂ ਬਿਨਾਂ ਕਾਨੂੰਨ ਕਿਵੇਂ ਪਾਸ ਕੀਤਾ ਗਿਆ। ਇਹ ਫੈਸਲਾ ਅੱਜ ਅੰਮ੍ਰਿਤਸਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਪ੍ਰਧਾਨਗੀ ਹੇਠ ਹੋਈ ਇੱਕ ਮਹੱਤਵਪੂਰਨ ਪੰਥਕ ਮੀਟਿੰਗ ਵਿੱਚ ਲਿਆ ਗਿਆ ਹੈ। ਇਸ ਕਾਨੂੰਨ 'ਚ ਗੁਰਦੁਆਰਾ ਪ੍ਰਬੰਧਨ ਅਤੇ ਗ੍ਰੰਥੀ ਸਿੰਘਾਂ ਦੀਆਂ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਸਿੱਧੇ ਤੌਰ 'ਤੇ ਪੰਥ ਨਾਲ ਜੁੜਿਆ ਹੋਇਆ ਹੈ, ਇਸ ਲਈ ਫੈਸਲੇ ਸਿਰਫ਼ ਸਰਕਾਰ ਦੁਆਰਾ ਹੀ ਨਹੀਂ, ਸਗੋਂ ਪੰਥਕ ਪੱਧਰ 'ਤੇ ਲਏ ਜਾਣੇ ਚਾਹੀਦੇ ਹਨ।ਮੀਟਿੰਗ ਭਾਈ ਗੁਰਦਾਸ ਹਾਲ ਵਿਖੇ ਹੋਈ, ਜਿਸ ਵਿੱਚ ਸਿੱਖ ਸੰਗਠਨਾਂ, ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਨੇ ਸ਼ਿਰਕਤ ਕੀਤੀ।



**ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਦੇ ਗੁਰੂ :** ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਾ ਸਿਰਫ਼ ਸਿੱਖ ਭਾਈਚਾਰੇ ਦੇ ਸਗੋਂ ਸਾਰੀ ਮਨੁੱਖਤਾ ਦੇ ਗੁਰੂ ਹਨ। ਉਨ੍ਹਾਂ ਕਿਹਾ ਕਿ ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਸਾਹਿਬ ਪ੍ਰਤੀ ਸਤਿਕਾਰ ਆਪਣੇ ਹਿਰਦੇ 'ਚ ਧਾਰਨ ਕਰਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ।

**ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਉਠਾਇਆ** -ਇਸ ਦੇ ਇਲਾਵਾ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ 'ਤੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਹ ਕਿਹਾ ਗਿਆ ਕਿ ਉਨ੍ਹਾਂ ਦੀ ਪਟੀਸ਼ਨ ਲੰਬੇ ਸਮੇਂ ਤੋਂ ਲੰਬਿਤ ਹੈ ਅਤੇ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਉਨ੍ਹਾਂ ਸਿੱਖ ਕੈਦੀਆਂ ਦੇ ਮੁੱਦੇ 'ਤੇ ਵੀ ਵਿਚਾਰ ਕੀਤਾ ਗਿਆ ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਪਰ ਅਜੇ ਤੱਕ ਰਿਹਾਅ ਨਹੀਂ ਕੀਤੇ ਗਏ।

## ਮੁੱਖ ਮੰਤਰੀ ਦਾ ਹੁਸ਼ਿਆਰਪੁਰ ਦੌਰਾ, ਪੰਜਾਬ ਪੁਲਿਸ ਨੇ ਕਿਸਾਨ ਤੇ ਅਧਿਆਪਕ ਆਗੂਆਂ ਨੂੰ ਘਰਾਂ 'ਚ ਕੀਤਾ ਨਜ਼ਰਬੰਦ

**ਹੁਸ਼ਿਆਰਪੁਰ, 3 ਮਈ (ਆਵਾਜ਼ਿ ਕੌਮ ਬਿਊਰੋ)**-ਕਿਸਾਨਾਂ ਵੱਲੋਂ ਪੰਜਾਬ ਸਰਕਾਰ ਵੱਲ ਗੰਨੇ ਦੀ ਬਕਾਇਆ ਰਾਸ਼ੀ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ, ਜਿਸ ਤਹਿਤ ਕਿਸਾਨਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਨ੍ਹਾਂ ਦੇ ਹੁਸ਼ਿਆਰਪੁਰ ਦੌਰੇ ਦੌਰਾਨ ਮੁਲਾਕਾਤ ਕੀਤੀ ਜਾਣੀ ਸੀ, ਪਰੰਤੂ ਪੰਜਾਬ ਪੁਲਿਸ ਵੱਲੋਂ ਇਸਤੋਂ ਪਹਿਲਾਂ ਤੜਕਸਾਰ ਹੀ ਕਿਸਾਨ ਆਗੂਆਂ ਨੂੰ ਘਰਾਂ 'ਚ ਨਜ਼ਰਬੰਦ ਕਰ ਲਿਆ। ਪੁਲਿਸ ਵੱਲੋਂ ਕਿਸਾਨਾਂ ਦਾ ਸਾਥ ਦੇਣ ਵਾਲੇ ਗਵਰਨਮੈਂਟ ਟੀਚਰ ਯੂਨੀਅਨ ਦੇ ਕੁੱਝ ਆਗੂਆਂ ਨੂੰ ਵੀ ਨਜ਼ਰਬੰਦ ਕੀਤੇ ਜਾਣ ਦੀਆਂ ਖ਼ਬਰਾਂ ਸਨ। ਪੰਜਾਬ ਪੁਲਿਸ ਵੱਲੋਂ ਘਰਾਂ 'ਚ ਨਜ਼ਰਬੰਦੀ 'ਤੇ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਕਥਿਤ "ਆਮ ਆਦਮੀ" ਸਰਕਾਰ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਹੀ ਲੋਕਾਂ ਤੋਂ ਡਰਦੀ ਹੈ। ਜਿਵੇਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਸੂਹਾ ਹਲਕੇ ਦੇ ਇੱਕ ਪਿੰਡ ਦਾ ਦੌਰਾ ਕਰ ਰਹੇ ਹਨ ਅਤੇ ਕਿਸਾਨ ਮਜਦੂਰ ਮੋਰਚਾ ਦੇ ਆਗੂਆਂ ਨੂੰ ਪਹਿਲਾਂ ਹੀ ਨਿਸ਼ਾਨਾ ਬਣਾਕੇ ਹਿਰਾਸਤ 'ਚ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੇਐਮਐਮ ਆਗੂ ਓਨਕਾਰ ਸਿੰਘ ਭੰਗਾਲਾ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਕੇ ਮੁਕੇਰੀਆਂ ਥਾਣੇ ਲਿਜਾਇਆ ਗਿਆ। ਦੋਆਬਾ ਕਿਸਾਨ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਨੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਗੰਨੇ ਦੀ ਬਕਾਇਆ ਰਾਸ਼ੀ ਜੋ ਸਰਕਾਰ ਵੱਲ ਬਕਾਇਆ ਹੈ ਗੰਨੇ ਦੀ ਪਿੜਾਈ ਦਾ ਸੀਜ਼ਨ 2025-2026 ਸਮਾਪਤ ਹੋ ਗਿਆ ਸੀਜਨ ਦੇ ਚਾਰ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਡੇਢ ਮਹੀਨਾ ਖੰਡ ਮਿੱਲਾਂ ਨੂੰ ਬੰਦ ਹੋਏ ਨੂੰ ਹੋ ਗਏ ਪਰ ਪੰਜਾਬ ਸਰਕਾਰ ਵੱਲੋਂ ਕੀਤੇ ਹੋਏ ਵਾਅਦੇ ਮੁਤਾਬਕ, ਜੋ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਕਿ ਰਾਸ਼ੀ ਕਿਸਾਨਾਂ ਦੇ ਖਾਤਿਆਂ ਦੇ ਵਿੱਚ ਸਬਸਿਡੀ ਦੇ ਰੂਪ ਵਿੱਚ ਸਿੱਧੇ ਪਾਏ ਜਾਣਗੇ, ਅਜੇ ਤੱਕ ਪੂਰਾ ਨਹੀਂ ਕੀਤਾ ਗਿਆ, ਜੋ ਕਿ ਰਾਸ਼ੀ ਕਰੀਬ 250 ਕਰੋੜ ਰੁਪਏ ਬਣਦੀ ਹੈ।

## ਪੰਜਾਬ 'ਚ ਭਾਰੀ ਮੀਂਹ ਤੇ ਤੂਫਾਨ ਦਾ ਕਹਿਰ, ਛੱਤਾਂ-ਟੈਂਕੀਆਂ ਉਡੀਆਂ, ਡਿੱਗੇ ਦਰੱਖਤ, ਮੌਸਮ ਵਿਭਾਗ ਵੱਲੋਂ ਚੇਤਾਵਨੀ



**ਚੰਡੀਗੜ੍ਹ, 3 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਅੱਜ ਤੜਕਸਾਰ ਉਸ ਸਮੇਂ ਮੌਸਮ ਅਚਾਨਕ ਬਦਲ ਗਿਆ, ਜਦੋਂ ਭਾਰੀ ਮੀਂਹ ਅਤੇ ਤੂਫਾਨ ਨੇ ਅਚਾਨਕ ਆਸਮਾਨ ਨੂੰ ਆਪਣੀ ਲਪੇਟ 'ਚ ਲੈ ਲਿਆ। ਆਸਮਾਨ ਪੂਰੀ ਤਰ੍ਹਾਂ ਕਾਲੇ ਰੰਗ ਦੀ ਲਪੇਟ ਵਿੱਚ ਵਿਖਾਈ ਦਿੱਤੀ ਅਤੇ ਤੇਜ਼ ਰੌਸ਼ਨੀ ਦੀ ਗਰਜਣਾ ਸੁਣਾਈ ਦਿੱਤੀ। ਚੰਡੀਗੜ੍ਹ, ਮੁਹਾਲੀ ਤੋਂ ਲੈ ਕੇ ਕਈ ਥਾਂਵਾਂ ਜਲੰਧਰ, ਲੁਧਿਆਣਾ, ਪਟਿਆਲਾ, ਮੋਗਾ, ਰਾਜਪੁਰਾ ਆਦਿ ਖੇਤਰਾਂ ਵਿੱਚ ਭਾਰੀ ਮੀਂਹ ਤੇ ਤੇਜ਼ ਹਨੇਰੀ ਦਾ ਕਹਿਰ ਵਿਖਾਈ ਦਿੱਤਾ। ਇਸ ਦੌਰਾਨ ਕੁੱਝ ਥਾਂਵਾਂ 'ਤੇ ਘਰਾਂ ਦੀਆਂ ਛੱਤਾਂ ਦੇ ਨੁਕਸਾਣ ਹੋਣ ਦੀਆਂ ਖ਼ਬਰਾਂ ਵੀ ਸਨ ਤੇ ਕਈ ਇਲਾਕਿਆਂ ਵਿੱਚ ਬਿਜਲੀ ਗੁੱਲ ਰਹੀ। ਮੁਹਾਲੀ ਦੇ ਫੇਜ਼ 6 ਵਿੱਚ ਤੂਫਾਨ ਕਾਰਨ ਦਰੱਖਤ ਡਿੱਗਣ ਨਾਲ ਕਈ ਕਾਰਾਂ ਨੂੰ ਨੁਕਸਾਨ ਪਹੁੰਚਿਆ। ਹਵਾਵਾਂ ਇੰਨੀਆਂ ਤੇਜ਼ ਸਨ ਕਿ ਛੱਤਾਂ 'ਤੇ ਲੱਗੇ ਪਾਣੀ ਦੇ ਟੈਂਕ ਉੱਡ ਗਏ। ਫਰੀਦਕੋਟ ਦੇ ਕੋਟਕਪੂਰਾ ਦੀ ਪੁਰਾਣੀ ਅਨਾਜ ਮੰਡੀ ਵਿੱਚ ਜਾਗਰਣ ਲਈ ਲਗਾਏ ਗਏ ਟੈਂਟ ਡਿੱਗ ਗਏ। ਇਸ ਦੇ ਨਾਲ ਹੀ ਚੰਡੀਗੜ੍ਹ ਦੇ ਸੈਕਟਰ 43 ਵਿੱਚ ਵੀ ਵਾਹਨਾਂ 'ਤੇ ਦਰੱਖਤ ਡਿੱਗ ਪਏ। ਜਾਣਕਾਰੀ ਅਨੁਸਾਰ, ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਅੱਜ ਅੱਠ ਜ਼ਿਲ੍ਹਿਆਂ ਵਿੱਚ ਗਰਜ, ਬਿਜਲੀ ਡਿੱਗਣ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ ਅਤੇ ਰੂਪਨਗਰ ਸ਼ਾਮਲ ਹਨ। ਇੱਥੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਵੀ ਉਮੀਦ ਹੈ। ਮੌਸਮ ਵਿਭਾਗ ਦੇ ਅਨੁਸਾਰ, 8 ਮਈ ਤੱਕ ਮੌਸਮ ਅਜਿਹਾ ਹੀ ਰਹੇਗਾ। ਮੌਸਮ ਵਿਭਾਗ ਦੇ ਅਨੁਸਾਰ, ਇੱਕ ਪੱਛਮੀ ਗੜਬੜ ਅਜੇ ਵੀ ਸਰਗਰਮ ਹੈ, ਜੋ ਕਿ ਉੱਪਰਲੇ ਪੱਧਰ ਦੀਆਂ ਪੱਛਮੀ ਹਵਾਵਾਂ ਨਾਲ ਅੱਗੇ ਵਧ ਰਹੀ ਹੈ। ਇਸ ਨਾਲ ਪੰਜਾਬ, ਹਰਿਆਣਾ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਬੱਦਲਵਾਈ, ਤੇਜ਼ ਹਵਾਵਾਂ ਅਤੇ ਕਦੇ-ਕਦੇ ਮੀਂਹ ਪੈ ਸਕਦਾ ਹੈ। 4 ਅਤੇ 5 ਮਈ ਨੂੰ ਮੀਂਹ, ਬਿਜਲੀ ਅਤੇ ਤੇਜ਼ ਹਵਾਵਾਂ ਲਈ ਸੰਤਰੀ ਚੇਤਾਵਨੀ ਜਾਰੀ ਕੀਤੀ ਗਈ ਹੈ। 6 ਮਈ ਨੂੰ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। 7 ਅਤੇ 8 ਮਈ ਨੂੰ ਮੀਂਹ ਪੈਣ ਦੀ ਉਮੀਦ ਹੈ।

## ਭਾਰਤੀ ਫੌਜ ਤੇ ਸੇਵਾਦਾਰਾਂ ਸ੍ਰੀ ਹੇਮਕੁੰਟ ਸਾਹਿਬ ਦੇ ਰਸਤੇ 'ਚੋਂ ਹਟਾਈ ਬਰਫ਼, ਗੁਰਦੁਆਰਾ ਸਾਹਿਬ ਪਹੁੰਚ ਕੇ ਕੰਪਲੈਕਸ ਦੇ ਦਰਵਾਜ਼ੇ ਖੋਲ੍ਹੇ

**ਸ੍ਰੀ ਹੇਮਕੁੰਟ ਸਾਹਿਬ, 3 ਮਈ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਫੌਜ ਦੀ 418ਵੀਂ ਸੁਤੰਤਰ ਫੀਲਡ ਕੰਪਨੀ (9ਵੀਂ ਮਾਊਂਟੇਨ ਬ੍ਰਿਗੇਡ) ਦੀ ਇੱਕ ਟੀਮ ਅਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਵਲੰਟੀਅਰਾਂ ਨੇ ਅੱਜ ਸ੍ਰੀ ਹੇਮਕੁੰਟ ਸਾਹਿਬ ਗੁਰਦੁਆਰਾ ਕੰਪਲੈਕਸ ਪਹੁੰਚ ਕੇ ਆਪਣੇ



ਮਿਸ਼ਨ ਨੂੰ ਸਫਲਤਾਪੂਰਵਕ ਪੂਰਾ ਕੀਤਾ। ਟੀਮ ਨੇ ਗੁਰੂ ਜੀ ਅੱਗੇ ਅਰਦਾਸ ਕਰਨ ਤੋਂ ਬਾਅਦ ਗੁਰਦੁਆਰਾ ਕੰਪਲੈਕਸ ਦੇ ਦਰਵਾਜ਼ੇ ਖੋਲ੍ਹ ਦਿੱਤੇ, ਉਨ੍ਹਾਂ ਨੂੰ ਉੱਥੇ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੱਤੀ। ਪਹਿਲਾਂ, ਉਨ੍ਹਾਂ ਨੂੰ ਹਰ ਸ਼ਾਮ ਘੰਗਰੀਆ ਵਾਪਸ ਜਾਣਾ ਪੈਂਦਾ ਸੀ। ਹੁਣ, ਉਹ ਹੇਮਕੁੰਟ ਸਾਹਿਬ ਤੋਂ ਆਪਣਾ ਕੰਮ ਜਾਰੀ ਰੱਖਣਗੇ। ਟੀਮ ਹੁਣ ਹੇਮਕੁੰਟ ਸਾਹਿਬ ਤੋਂ ਅਟਲਕੋਟੀ ਗਲੇਸ਼ੀਅਰ ਪੁਆਇੰਟ ਤੱਕ ਟ੍ਰੈਕ ਨੂੰ ਚੌੜਾ ਕਰਨ ਲਈ ਕੰਮ ਕਰੇਗੀ, ਜਿਸ ਨਾਲ ਰਸਤੇ ਨੂੰ ਸ਼ਰਧਾਲੂਆਂ ਲਈ ਵਧੇਰੇ ਪਹੁੰਚਯੋਗ ਅਤੇ ਸੁਰੱਖਿਅਤ ਬਣਾਇਆ ਜਾ ਸਕੇਗਾ। ਭਾਰਤੀ ਫੌਜ ਦਹਾਕਿਆਂ ਤੋਂ ਹਿਮਾਲਿਆ ਦੇ ਚੁਣੌਤੀਪੂਰਨ ਖੇਤਰ ਵਿੱਚ ਸਾਲ ਦਰ ਸਾਲ ਇਹ ਮਾਣਯੋਗ ਅਤੇ ਨਿਰਸਵਾਰਥ ਸੇਵਾ ਕਰ ਰਹੀ ਹੈ, ਸੁਰੱਖਿਅਤ ਅਤੇ ਸਫਲ ਹੇਮਕੁੰਟ ਸਾਹਿਬ ਯਾਤਰਾ ਨੂੰ ਯਕੀਨੀ ਬਣਾਉਂਦੀ ਹੈ। ਅਤਿਅੰਤ ਮੌਸਮ ਅਤੇ ਔਖੇ ਹਾਲਾਤਾਂ ਦੇ ਬਾਵਜੂਦ, ਉਨ੍ਹਾਂ ਦੀ ਹਿੰਮਤ, ਅਨੁਸ਼ਾਸਨ ਅਤੇ ਵਚਨਬੱਧਤਾ ਦੀ ਸਿੱਖ ਭਾਈਚਾਰੇ ਅਤੇ ਸਾਰੇ ਸ਼ਰਧਾਲੂਆਂ ਵੱਲੋਂ ਬਹੁਤ ਪ੍ਰਸ਼ੰਸਾ ਕੀਤੀ ਜਾਂਦੀ ਹੈ। ਮੈਨੇਜਮੈਂਟ ਟਰੱਸਟ ਸੇਵਾਦਾਰਾਂ ਰਾਹੀਂ ਦਿਖਾਈ ਗਈ ਅਣਥੱਕ ਸਮਰਪਣ ਅਤੇ ਸੇਵਾ ਦੀ ਭਾਵਨਾ ਦੀ ਵੀ ਕਦਰ ਕਰਦਾ ਹੈ, ਜੋ ਇਸ ਪਵਿੱਤਰ ਕਾਰਜ ਵਿੱਚ ਫੌਜ ਦੇ ਜਵਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੇ ਹਨ। ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਪ੍ਰਬੰਧਨ ਨੇ ਭਾਰਤੀ ਫੌਜ ਅਤੇ ਸਾਰੇ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਾਂਝਾ ਯਤਨ ਇੱਕ ਵਾਰ ਫਿਰ ਹੇਮਕੁੰਟ ਸਾਹਿਬ ਯਾਤਰਾ ਦੀ ਸੇਵਾ ਦੀ ਵਿਲੱਖਣ ਭਾਵਨਾ ਨੂੰ ਉਜਾਗਰ ਕਰਦਾ ਹੈ। ਸ੍ਰੀ ਹੇਮਕੁੰਟ ਸਾਹਿਬ ਇੱਕ ਬਹੁਤ ਹੀ ਪਵਿੱਤਰ ਸਿੱਖ ਤੀਰਥ ਸਥਾਨ ਹੈ ਜੋ ਗੜ੍ਹਵਾਲ ਹਿਮਾਲਿਆ ਵਿੱਚ ਲਗਭਗ 4,632 ਮੀਟਰ (15,200 ਫੁੱਟ) ਦੀ ਉਚਾਈ 'ਤੇ ਸਥਿਤ ਹੈ, ਜੋ ਸੱਤ ਬਰਫ਼ ਨਾਲ ਢੱਕੀਆਂ ਪਹਾੜੀ ਚੋਟੀਆਂ ਅਤੇ ਸ਼ੁੱਧ ਹੇਮਕੁੰਟ ਝੀਲ ਨਾਲ ਘਿਰਿਆ ਹੋਇਆ ਹੈ। ਟਰੱਸਟ ਸਾਰੇ ਸ਼ਰਧਾਲੂਆਂ ਨੂੰ ਅਧਿਕਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਯਾਤਰਾ ਸੰਬੰਧੀ ਨਵੀਨਤਮ ਜਾਣਕਾਰੀ ਨਾਲ ਅਪਡੇਟ ਰਹਿਣ ਦੀ ਅਪੀਲ ਕਰਦਾ ਹੈ।

## ਦਿੱਲੀ 'ਚ ਅੱਗ ਦਾ ਤਾਂਡਵ, ਏ. ਸੀ. ਫਟਣ ਕਾਰਨ 4 ਮੰਜਿਲਾ ਇਮਾਰਤ 'ਚ ਅੱਗ ਕਾਰਨ 9 ਲੋਕ ਜਿਊਂਦਾ ਸੜੇ

**ਨਵੀਂ ਦਿੱਲੀ, 3 ਮਈ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦਾ ਵਿਵੇਕ ਵਿਹਾਰ ਇਲਾਕਾ ਬੀਤੀ ਰਾਤ ਉਸ ਸਮੇਂ ਹਿੱਲ ਗਿਆ, ਜਦੋਂ ਇੱਕ ਸ਼ਕਤੀਸ਼ਾਲੀ ਧਮਾਕੇ ਵਿੱਚ ਨੌਂ ਲੋਕਾਂ ਦੀ ਮੌਤ ਹੋ ਗਈ। ਦਿੱਲੀ ਦੇ ਵਿਵੇਕ ਵਿਹਾਰ ਇਲਾਕੇ ਵਿੱਚ AC Blast ਕਾਰਨ ਭਿਆਨਕ ਅੱਗ ਲੱਗ ਗਈ, ਜੋ ਤੇਜ਼ੀ ਨਾਲ ਵਧ ਗਈ। ਹੁਣ ਤੱਕ ਇਸ ਦੁਖਦਾਈ ਹਾਦਸੇ ਵਿੱਚ 9 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਫਾਇਰ ਕੰਟਰੋਲ ਰੂਮ ਨੂੰ ਸਵੇਰੇ 3:47 ਵਜੇ ਦੇ ਕਰੀਬ ਅੱਗ ਲੱਗਣ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ 14 ਫਾਇਰ ਬ੍ਰਿਗੇਡ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਅੱਗ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ। ਫਾਇਰ ਬ੍ਰਿਗੇਡ ਵਿਭਾਗ ਨੂੰ ਸਵੇਰੇ ਅੱਗ ਲੱਗਣ ਦੀ ਸੂਚਨਾ ਮਿਲੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਅੱਗ ਇਮਾਰਤ ਦੇ ਇੱਕ ਫਲੈਟ ਵਿੱਚ ਲੱਗੀ ਅਤੇ ਤੇਜ਼ੀ ਨਾਲ ਦੂਜੇ ਖੇਤਰਾਂ ਵਿੱਚ ਫੈਲ ਗਈ। ਧੂੰਏਂ ਅਤੇ ਅੱਗ ਦੀਆਂ ਲਪਟਾਂ ਨੇ ਅੰਦਰ ਫਸੇ ਲੋਕਾਂ ਲਈ ਕਾਫ਼ੀ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ। ਸ਼ਾਹਦਰਾ ਜ਼ਿਲ੍ਹਾ ਪੁਲਿਸ ਦੇ ਡਿਪਟੀ ਕਮਿਸ਼ਨਰ (ਡੀਸੀਪੀ) ਰਾਜੇਂਦਰ ਪ੍ਰਸਾਦ ਮੀਣਾ ਨੇ ਦੱਸਿਆ ਕਿ ਇਹ ਹਾਦਸਾ ਵਿਵੇਕ ਵਿਹਾਰ ਵਿੱਚ ਇੱਕ ਚਾਰ ਮੰਜ਼ਿਲਾ ਇਮਾਰਤ ਵਿੱਚ ਵਾਪਰਿਆ। ਨੌਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ, ਜਦੋਂ ਕਿ ਹੋਰਾਂ ਦਾ ਪਤਾ ਲਗਾਉਣ ਲਈ ਖੋਜ ਕਾਰਜ ਜਾਰੀ ਹੈ। ਫਾਇਰ ਬ੍ਰਿਗੇਡ ਦੇ ਕਰਮਚਾਰੀ, ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਦੀਆਂ ਟੀਮਾਂ ਦੇ ਨਾਲ, ਘਟਨਾ ਸਥਾਨ 'ਤੇ ਮੌਜੂਦ ਹਨ ਅਤੇ ਇਮਾਰਤ ਦੇ ਹਰ ਹਿੱਸੇ ਦੀ ਚੰਗੀ ਤਰ੍ਹਾਂ ਜਾਂਚ ਕਰ ਰਹੇ ਹਨ। ਬਚਾਅ ਅਤੇ ਰਾਹਤ ਕਾਰਜਾਂ ਦੌਰਾਨ, ਕੁਝ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ, ਜਦੋਂ ਕਿ ਕੁਝ ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ। ਸਥਾਨਕ ਨਿਵਾਸੀ ਰੋਹਿਤ ਨੇ ਕਿਹਾ, "ਅੱਗ ਏਸੀ ਧਮਾਕੇ ਕਾਰਨ ਲੱਗੀ... 12 ਲੋਕਾਂ ਨੂੰ ਬਚਾਇਆ ਗਿਆ ਹੈ। ਹਾਲਾਂਕਿ, ਕੁਝ ਲੋਕ ਅਜੇ ਵੀ ਲਾਪਤਾ ਹਨ। ਅੱਗ ਸਵੇਰੇ 3:15 ਵਜੇ ਦੇ ਕਰੀਬ ਲੱਗੀ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਸਵੇਰੇ 3:35 ਵਜੇ ਦੇ ਕਰੀਬ ਮੌਕੇ 'ਤੇ ਪਹੁੰਚੀਆਂ।"






ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net



ਪੜ੍ਹੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ | Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋਂ ਪਾਵਾ ॥

## ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ–ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

**1 ਨਵੰਬਰ 2026, ਦਿਨ ਐਤਵਾਰ ਨੂੰ**

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ –20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਐਤਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ–ਢਾਡੀ–ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ

**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141–27470**

ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408–35137

ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278–66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ।।

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਗੁਰਮਤਿ ਸਮਾਗਮ

☛ ਸ਼ਹੀਦੀ ਦਿਵਸ : ਛੋਟਾ ਘੱਲੂਘਾਰਾ ਕਾਹਨੂੰਵਾਨ ☛ ਫ਼ਤਹਿ ਦਿਵਸ : ਫ਼ਤਹਿ ਦਿਵਸ ਕੌਮੀ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਸਰਹੰਦ ਫ਼ਤਹਿ ਦਿਵਸ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।






ਸ਼ੁੱਕਰਵਾਰ 15 ਮਈ ਸੰਗਰਾਂਦ ਦਾ ਪਵਿੱਤਰ ਦਿਹਾੜੇ ਨੂੰ ਸਮਰਪਿਤ ਸ਼ਾਮ 5 ਤੋ 8 ਵਜੇ ਤੱਕ ਦੀਵਾਨ ਸਜਣਗੇ।

• ਸ਼ਨਿੱਚਰਵਾਰ 16 ਮਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ। • ਐਤਵਾਰ 17 ਮਈ 2026 ਨੂੰ 6:30 ਵਜੇ ਸਵੇਰ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ 15/16/17 ਮਈ ਨੂੰ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ⋆ ਗੁਰੂ ਪੰਥ ਦੇ ਦਾਸਰੇ ⋆

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ
ਸਾਬਕਾ ਜ਼ਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਭਤੀਜ਼ੇ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰਹਿਨੁਮਾਈ ਹੇਠ ਸੰਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਕੇ ਲੰਗਰਾਂ ਵਿੱਚ ਹਰ ਮਹੀਨੇ ਬਾਅਦ ਸੇਵਾਵਾਂ ਕੀਤੀਆਂ ਜਾਂਦੀਆਂ ਹਨ

# ਇਸ ਵਾਰ 5 ਮਈ-2026

## ਦਿਨ ਮੰਗਲਵਾਰ ਨੂੰ

**ਸਵੇਰੇ 9 ਵਜੇ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰਾਂ ਵਿੱਚ ਸੇਵਾਵਾਂ ਨਿਭਾਈਆਂ ਜਾਣਗੀਆਂ ।**

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਇੰਟਰਨੈਸ਼ਨਲ ਪੰਜ਼ਕ ਦਲ ਦੇ ਸਮੂਹ ਆਗੂਆਂ ਦਾ ਸਵੇਰੇ 9 ਵਜੇ ਪਹੁੰਚਣਾ ਬਹੁਤ ਜ਼ਰੂਰੀ ਹੈ।

ਜਾਰੀ ਕਰਤਾ- ਜੱਥੇਦਾਰ ਦਲੀਪ ਸਿੰਘ ਚਕਰ
ਆਲ ਇੰਡੀਆ ਕਨਵੀਨਰ
+919914600715



ਆਵਾਜ਼ਿ ਕੌਮ AWAZE QAUM
International Newspaper & WEB TV

ਅੱਜ 4 ਮਈ ਨੂੰ ਜਨਮ ਦਿਨ 'ਤੇ ਵਿਸ਼ੇਸ਼

# ਬੰਦਗੀ ਤੇ ਤਿਆਗ ਦੇ ਮੁਜੱਸਮੇ-ਬਾਬਾ ਜਵਾਲਾ ਸਿੰਘ ਹਰਖੋਵਾਲ



**ਅਜਿਹੀਆਂ** ਬਹੁਤ ਵਿਰਲੀਆਂ ਸ਼ਖ਼ਸੀਅਤਾਂ ਹਨ, ਜਿਨ੍ਹਾਂ ਪੂਰਾ ਜੀਵਨ ਹੀ ਰੱਬੀ ਪ੍ਰੇਮ ਤੇ ਉਸ ਸੱਚੇ ਦੀ ਬੰਦਗੀ ਵਿੱਚ ਬਤੀਤ ਕੀਤਾ ਹੋਵੇ ।ਪੰਜਾਬ ਦੀ ਧਰਤੀ 'ਤੇ ਅਜਿਹੇ ਨਾਮ ਰਸੀਏ ਅਤੇ ਆਤਮਿਕ ਤਿਆਗੀ ਮਹਾਂਪੁਰਸ਼ਾਂ ਵਿੱਚੋਂ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਨੂੰ ਦੇਸ਼-ਵਿਦੇਸ਼ ਵਿੱਚ ਵੱਸਣ ਵਾਲੀਆਂ ਲੱਖਾਂ ਸਿੱਖ ਸੰਗਤਾਂ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਯਾਦ ਕਰਦੀਆਂ ਹਨ ।ਜ਼ਿਲ੍ਹਾ ਹੁਸ਼ਿਆਰਪੁਰ ਦੀ ਸਰਸਬਜ਼ ਧਰਤੀ ਨੇ ਭਾਵੇਂ ਅਨੇਕਾਂ ਰੰਗ-ਰਤੜੀਆਂ ਰੂਹਾਂ ਨੂੰ ਜਨਮ ਦਿੱਤਾ ਹੈ, ਪਰ ਸੰਤ ਬਾਬਾ ਜਵਾਲਾ ਸਿੰਘ ਵਰਗੇ ਆਤਮਿਕ ਖੋਜੀ ਅਤੇ ਪ੍ਰਭੂ ਨਾਲ ਇੱਕ ਮਿੱਕ ਹੋਏ ਮਹਾਂਪੁਰਸ਼ ਬਹੁਤ ਥੋੜ੍ਹੇ ਹਨ । ਸੰਤ ਬਾਬਾ ਜਵਾਲ ਸਿੰਘ ਦੀ ਯਾਦ ਵਿੱਚ ਦੇਸ਼-ਵਿਦੇਸ਼ ਵਿੱਚ ਸਾਰਾ ਸਾਲ ਹੀ ਸਮਾਗਮ ਚੱਲਦੇ ਰਹਿੰਦੇ ਹਨ ।ਬਾਬਾ ਜਵਾਲਾ ਸਿੰਘ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਲੰਗੇਰੀ ਵਿਖੇ ਸ: ਨਾਰਾਇਣ ਸਿੰਘ ਦੇ ਗ੍ਰਹਿ ਵਿਖੇ ਬੀਬੀ ਰਾਜ ਕੌਰ ਦੀ ਕੁੱਖ ਤੋਂ 21 ਵਿਸਾਖ ਅਰਥਾਤ 4 ਮਈ, 1889 ਈ: ਨੂੰ ਹੋਇਆ । ਬਚਪਨ ਵਿੱਚ ਹੀ ਆਪ ਸਰੀਰਕ ਪੱਖ ਤੋਂ ਰਿਸ਼ਟ-ਪੁਸ਼ਟ ਸਨ, ਪ੍ਰਭੂ ਭਗਤੀ ਦੀ ਲਗਨ ਹੋਣ ਕਰਕੇ ਜ਼ਿਆਦਾ ਇਕਾਂਤ ਵਿੱਚ ਰਹਿਣਾ ਪਸੰਦ ਕਰਦੇ ਸਨ । 18 ਸਾਲ ਦੀ ਭਰ ਜਵਾਨੀ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ । ਫੌਜੀ ਨੌਕਰੀ ਦੌਰਾਨ ਆਪ ਦੀ ਪਲਟਨ ਰਾਵਲਪਿੰਡੀ ਛਾਉਣੀ (ਲਹਿੰਦੇ ਪੰਜਾਬ) ਵਿੱਚ ਤਾਇਨਾਤ ਸੀ । ਇਥੋਂ ਆਪ ਜੀ ਨੂੰ ਆਤਮਿਕ ਖੋਜੀ ਬਿਰਤੀ ਅਤੇ ਬੰਦਗੀ ਦੀ ਲਗਨ ਹੋਤੀ ਮਰਦਾਨ ਸੰਪਰਦਾ ਦੇ ਅਸਥਾਨ 'ਤੇ ਲੈ ਗਈ ।ਇਸ ਸੰਪਰਦਾ ਦੇ ਤਿਆਗੀ ਤੇ ਵੈਰਾਗੀ ਮਹਾਂਪੁਰਸ਼ ਸੰਤ ਬਾਬਾ ਕਰਮ ਸਿੰਘ ਦੁਆਰਾ ਵਰੋਸਾਈ ਮਹਾਨ ਹਸਤੀ ਬਾਬਾ ਆਇਆ ਸਿੰਘ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ।ਇਸ ਮਹਾਨ ਹਸਤੀ ਦੀ ਮਿਕਨਾਤੀਸੀ ਖਿੱਚ ਨੇ ਹਮੇਸ਼ਾ ਲਈ ਬਾਬਾ ਜਵਾਲਾ ਸਿੰਘ ਨੂੰ ਆਪਣਾ ਸੇਵਾਦਾਰ ਬਣਾ ਕੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਮਹਾਨ ਸੇਵਾ ਲਈ ਸਮਰਪਿਤ ਕਰ ਦਿੱਤਾ ।

1917 ਈ: ਵਿੱਚ ਦੱਸ ਸਾਲ ਦੀ ਫੌਜ ਦੀ ਨੌਕਰੀ ਪੂਰੀ ਹੋਣ ਤੋਂ ਪਹਿਲਾਂ ਹੀ ਪੱਕੇ ਤੌਰ 'ਤੇ ਹੋਤੀ ਮਰਦਾਨ ਦੇ ਅਸਥਾਨ 'ਤੇ ਪਹੁੰਚ ਗਏ ।ਹੁਣ ਉਹ ਸਿਪਾਹੀ ਨਹੀਂ, ਸੰਤ ਬਣ ਚੁੱਕੇ ਸਨ । ਬਾਬਾ ਆਇਆ ਸਿੰਘ ਦੀ ਸੰਗਤ ਵਿੱਚ ਰਹਿ ਕੇ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ, ਤਿਆਗ, ਲੋਕ ਭਲਾਈ ਅਤੇ ਪਰਉਪਕਾਰ ਵਰਗੇ ਮਹਾਨ ਗੁਣਾਂ ਦਾ ਏਨਾ ਵਿਸਥਾਰ ਹੋਇਆ ਕਿ ਸਮੁੱਚੇ ਸੰਸਾਰ ਨੂੰ ਆਪਣੀ ਬੁੱਕਲ ਵਿੱਚ ਲੈ ਕੇ ਲੋਕ ਭਲੇ ਲਈ ਉਮਾਹ ਤੇ ਉਤਸ਼ਾਹ ਪੈਦਾ ਹੋ ਗਿਆ । ਬ੍ਰਹਮ ਗਿਆਨ ਦੀ ਅਵਸਥਾ ਵਿੱਚ ਪਹੁੰਚ ਕੇ ਤੇਰ-ਮੇਰ ਹਮੇਸ਼ਾ ਲਈ ਮਿੱਟ ਗਿਆ । ਕਣ-ਕਣ ਵਿੱਚ ਵੱਸੇ ਪ੍ਰਭੂ ਪਿਆਰ ਵਿੱਚ ਰੰਗੇ ਗਏ । ਸਾਡਾ ਸਮਾਜ ਜਿਨ੍ਹਾਂ ਲੋਕਾਂ ਨੂੰ ਬਉਰੇ ਜਾਂ ਮਸਤ ਕਹਿੰਦਾ ਸੀ, ਅਜਿਹੇ ਅਨੇਕਾਂ ਰੱਬ ਦੇ ਪਿਆਰਿਆਂ ਵਿੱਚੋਂ ਉਨ੍ਹਾਂ ਨੂੰ ਪ੍ਰਭੂ-ਪਿਆਰ ਦੇ ਝਲਕਾਰੇ ਦਿਖਾਈ ਦਿੱਤੇ । ਦੋ ਸਾਲ ਤੱਕ ਹੋਤੀ ਮਰਦਾਨ ਸੰਪਰਦਾ ਦੇ ਬਾਬਾ ਆਇਆ ਸਿੰਘ ਦੀ ਸੰਗਤ ਵਿੱਚ ਰਹਿਣ ਤੋਂ ਬਾਅਦ ਉਨ੍ਹਾਂ ਦੇ ਹੁਕਮ ਮੁਤਾਬਿਕ ਇਸ ਰੱਬੀ ਰੰਗ ਵਿੱਚ ਰੰਗੀ ਆਤਮਾ ਨੂੰ ਵਾਪਸ ਪਿੰਡ ਲੰਗੇਰੀ (ਹੁਸ਼ਿਆਰਪੁਰ) ਆਉਣਾ ਪਿਆ ।ਹੁਣ ਪਿੰਡ ਪਹੁੰਚ ਘਰੇਲੂ ਅਤੇ ਖੇਤੀਬਾੜੀ ਕੰਮ ਵਿੱਚ ਕੋਈ ਰੁਚੀ ਨਹੀਂ ਸੀ ।ਰੱਬੀ ਰੰਗ ਵਿੱਚ ਰਹਿੰਦਿਆਂ ਮਨੁੱਖਤਾ ਵਿੱਚੋਂ ਹਰ ਸਮੇਂ ਕਾਦਰ ਦੀ ਕੁਦਰਤ ਦੇ ਨਜ਼ਾਰੇ ਮਾਣਦਿਆਂ ਹੁਸ਼ਿਆਰਪੁਰ ਦੇ ਦੱਖਣ-ਪੱਛਮ ਵੱਲ ਫਗਵਾੜਾ ਰੋਡ 'ਤੇ ਹਰਖੋਵਾਲ ਦੇ ਸਥਾਨ 'ਤੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਤ ਕੀਤਾ । ਉਸ ਸਮੇਂ ਸਿੱਖੀ ਨੂੰ ਦਰਪੇਸ਼ ਚੁਣੌਤੀਆਂ ਮੌਕੇ ਆਪ ਪੰਥਕ ਕਾਰਜਾਂ ਲਈ ਮੂਹਰਲੀ ਕਤਾਰ ਦੀਆਂ ਸਿੱਖ ਧਾਰਮਿਕ ਸ਼ਖ਼ਸੀਅਤਾਂ ਵਜੋਂ ਸਹਿਯੋਗ ਦਿੰਦੇ ਰਹੇ ।



-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040


ਹਰਖੋਵਾਲ ਦੇ ਇਸ ਅਸਥਾਨ ਨੂੰ ਦੂਰ-ਦੁਰਾਡੇ ਵੱਸਣ ਵਾਲੀਆਂ ਸਿੱਖ ਸੰਗਤਾਂ ਗੁਰਦੁਆਰਾ ਸੰਤਗੜ੍ਹ ਦੇ ਨਾਂਅ ਨਾਲ ਸਤਿਕਾਰ ਦਿੰਦੀਆਂ ਹਨ ।ਸਾਰਾ ਸਾਲ ਸਿੱਖ ਸੰਗਤ ਇਸ ਅਸਥਾਨ ਦੇ ਦਰਸ਼ਨਾਂ ਲਈ ਸੰਗਤ ਪੁੱਜਦੀ ਹੈ । ਅਨੇਕਾਂ ਭੁੱਲੀਆਂ-ਭਟਕੀਆਂ ਰੂਹਾਂ ਨੂੰ ਗੁਰਮਤਿ ਸਿਧਾਂਤਾਂ ਦੀ ਸੋਝੀ ਦਿੰਦਿਆਂ ਆਪ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਡੁਮੇਲੀ (ਤਹਿਸੀਲ ਫਗਵਾੜਾ) ਵਿਖੇ ਬਾਬਾ ਦਲੀਪ ਸਿੰਘ ਦੇ ਅਸਥਾਨ 'ਤੇ 13 ਨਵੰਬਰ, 1957 ਨੂੰ ਸੱਚਖੰਡ ਜਾ ਬਿਰਾਜੇ।

4 ਮਈ ਨੂੰ ਸੰਤ ਬਾਬਾ ਜਵਾਲਾ ਸਿੰਘ ਦੇ ਜਨਮ ਦਿਨ 'ਤੇ ਉਨ੍ਹਾਂ ਦੀ ਯਾਦ ਵਿੱਚ ਵੱਖ ਵੱਖ ਅਸਥਾਨਾਂ ਤੇ ਮਹਾਨ ਗੁਰਮਤਿ ਸਮਾਗਮ ਹੋ ਰਿਹਾ ਹੈ ।ਇਸ ਤੋਂ ਇਲਾਵਾ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਤੇ ਸਤਿਕਾਰ ਰੱਖਣ ਵਾਲੀਆਂ ਗੁਰਸਿੱਖ ਸਿੱਖ ਸੰਗਤਾਂ ਵੱਖ-ਵੱਖ ਥਾਵਾਂ 'ਤੇ ਦੇਸ਼-ਵਿਦੇਸ਼ ਵਿੱਚ ਵੀ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾ ਰਹੀਆਂ ਹਨ। ••

ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ

# 14ਵਾਂ ਕਾਵਿ ਸੰਗ੍ਰਹਿ "ਯਾਦਾਂ ਦਾ ਸਰਮਾਇਆ" ਲੋਕ ਅਰਪਿਤ ਸਮਾਗਮ

**ਬਾਬਾ ਬਕਾਲਾ ਸਾਹਿਬ, 3 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ 41 ਸਾਲਾਂ ਤੋਂ ਲਗਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਹਿਤਕ ਸਰਗਰਮੀਆਂ ਰਚਾ ਰਹੀ ਪੰਜਾਬ ਦੀ ਨਾਮਵਰ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ।ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ ਸਾ: ਬੀ.ਈ.ਈ.ਓ, ਮੀਤ ਪ੍ਰਧਾਨ ਮੁਖਤਾਰ ਸਿੰਘ ਗਿੱਲ, ਮੁਨੀਸ਼ ਕੁਮਾਰ ਰਿੰਕੂ (ਭੱਠੇ ਵਾਲੇ), ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਗਿ: ਗਲਜ਼ਾਰ ਸਿੰਘ ਖੈੜਾ, ਜਨਰਲ ਸੱਕਤਰ ਅਵਤਾਰ ਸਿੰਘ ਗੋਇੰਦਵਾਲ, ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਦੇ ਪ੍ਰਧਾਨ ਹਰਭਜਨ ਸਿੰਘ ਭੱਗਰੱਥ, ਪੰਜਾਬੀ ਸਾਹਿਤ ਸਭਾ ਕਰਤਾਰਪੁਰ ਦੇ ਪ੍ਰਧਾਨ ਲਾਲੀ ਕਰਤਾਰਪੁਰੀ, ਪੰਜਾਬ ਸਾਹਿਤਕ ਮੰਚ ਜਲੰਧਰ ਵੱਲੋਂ ਨਾਨਕ ਚੰਦ ਵਿਰਲੀ, ਸੁਖਦੇਵ ਸਿੰਘ ਗੰਡਵਾਂ ਅਤੇ ਡਾ: ਕੁਲਵੰਤ ਸਿੰਘ ਬਾਠ ਸਾ: ਵੈਟਰਨਰੀ ਅਫਸਰ ਆਦਿ ਸ਼ੁਸ਼ੋਭਿਤ ਹੋਏ ।ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ 14ਵਾਂ ਸਾਂਝਾ ਕਾਵਿ ਸੰਗ੍ਰਹਿ "ਯਾਦਾਂ ਦਾ ਸਰਮਾਇਆ" ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ ।ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਮਹਿਲਾ ਵਿੰਗ) ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਜਤਿੰਦਰ ਕੌਰ ਭਿੰਡਰ, ਰਾਜਵਿੰਦਰ ਕੌਰ ਰਾਜ, ਮੈਡਮ ਅਨੁਪਮਾ, ਸੁਰਿੰਦਰ ਖਿਲਚੀਆਂ, ਸੁਖਵਿੰਦਰ ਕੌਰ ਬਟਾਲਾ, ਗੁਰਮੀਤ ਕੌਰ ਬੱਲ, ਹਰਵਿੰਦਰਜੀਤ ਕੌਰ ਬਾਠ, ਸਤਰਾਜ ਜਲਾਲਾਂਬਾਦੀ, ਨਵਦੀਪ ਸਿੰਘ ਬਦੇਸ਼ਾ, ਸਰਬਜੀਤ ਸਿੰਘ ਪੱਡਾ, ਮਾ: ਧਰਮ ਸਿੰਘ ਧਿਆਨਪੁਰ, ਡਾ: ਸਰਬਜੀਤ ਸਿੰਘ ਬਿੱਲਾ, ਜਗੀਰ ਸਿੰਘ ਸਫਰੀ, ਮਾ: ਬਲਬੀਰ ਸਿੰਘ ਬੀਰ, ਬਲਵਿੰਦਰ ਸਿੰਘ ਅਠੌਲਾ, ਮਲਕੀਅਤ ਸਿੰਘ, ਸੰਨਪ੍ਰੀਤ ਸਿੰਘ ਮਣੀ, ਅਜੀਤ ਸਿੰਘ ਸਠਿਆਲਵੀ, ਕਾਲੇ ਸ਼ਾਹ ਟਾਂਗਰਾ, ਬਲਦੇਵ ਸਿੰਘ ਭੱਟੀ, ਸ਼ਿੰਗਾਰਾ ਸਿੰਘ ਸਠਿਆਲਾ, ਅਜੈਬ ਸਿੰਘ ਬੋਦੇਵਾਲ ਆਦਿ ਨੇ ਕਾਵਿ ਰਚਾਨਾਵਾਂ ਰਾਹੀਂ ਚੰਗਾ ਰੰਗ ਬੰਨਿਆ।



# ਦਮਦਮੀ ਟਕਸਾਲ ਵੱਲੋਂ ਸ਼ਹੀਦੀ ਸਮਾਗਮ ਦੀ ਲੜੀ ਤਹਿਤ ਗੁਰਦੁਆਰਾ ਭਗਤਾਂ ਦਾ ਡੇਰਾ ਤਰਸਿੱਕਾ ਵਿੱਖੇ ਸਮਾਗਮ ਕੱਲ੍ਹ ਨੂੰ : ਸੰਤ ਬਾਬਾ ਗੁਰਦੇਵ ਸਿੰਘ ਜੀ



**ਮਹਿਤਾ ਚੌਕ, 3 ਮਈ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਭਗਤਾਂ ਦਾ ਡੇਰਾ ਤਰਸਿੱਕਾ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਗੁਰਦੇਵ ਸਿੰਘ ਜੀ ਤਰਸਿੱਕੇ ਵਾਲਿਆਂ ਦੀ ਅਗਵਾਈ ਹੇਠ ਦਮਦਮੀ ਟਕਸਾਲ ਵੱਲੋਂ ਦਮਦਮੀ ਟਕਸਾਲ ਦੇ 14 ਵੇ ਮੁੱਖੀ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲ਼ੇ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਅਤੇ ਸਮੂਹ ਸਿੰਘ ਸਿੰਘਣੀਆਂ ਅਤੇ ਭੁਝੰਗੀਆਂ ਦੀ ਯਾਦ ਵਿੱਚ ਸ਼ਹੀਦੀ ਸਮਾਗਮਾਂ ਦੀ ਲੜੀ ਤਹਿਤ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ 5 ਮਈ 2026 ਦਿਨ ਮੰਗਲਵਾਰ ਦੁਪਹਿਰ 12 ਤੋਂ 2 ਵਜੇ ਤੱਕ ਸਮਾਗਮ ਹੋਣਗੇ। ਜਿਸ ਵਿਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਸਿੰਘ ਸੰਗਤਾਂ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਸ੍ਰਵਨ ਕਰਉਣਗੇ ਉਪਰੰਤ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲ਼ੇ ਸੰਗਤਾਂ ਨੂੰ ਪਵਿੱਤਰ ਪਾਵਨ ਗੁਰਬਾਣੀ ਦੀ ਕਥਾ ਸ੍ਰਵਨ ਕਰਉਣਗੇ । ਇਸ ਮੌਕੇ ਤੇ ਸੰਤ ਬਾਬਾ ਗੁਰਦੇਵ ਸਿੰਘ ਜੀ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰਕੇ ਸ਼ਹੀਦਾਂ ਸਿੰਘਾਂ ਦੇ ਚਰਨਾਂ ਵਿੱਚ ਹਾਜ਼ਰੀਆਂ ਲਾਉਣ ਅਤੇ ਸ਼ਹੀਦਾਂ ਸਿੰਘਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਐਕਟਿਵਾ ਸਵਾਰ ਔਰਤ ਖੋਹ ਦੌਰਾਨ ਹੋਈ ਗੰਭੀਰ ਜਖਮੀ



**ਚੌਕ ਮਹਿਤਾ, 3 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਐਕਟਵਾ ਸਵਾਰ ਔਰਤ ਕੋਲੋਂ ਅਣਪਛਾਤੇ ਨੌਜਵਾਨ ਵੱਲੋਂ ਲੁੱਟ ਖੋਹ ਕਰਨ ਦੌਰਾਨ ਗੰਭੀਰ ਜਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੈ ਪੀੜਤ ਰਾਜਵਿੰਦਰ ਕੌਰ ਪਤਨੀ ਪਲਵਿੰਦਰ ਸਿੰਘ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨਾਂ ਦੀ ਧਰਮ ਪਤਨੀ ਰਾਜਵਿੰਦਰ ਕੌਰ ਐਕਟਿਵਾ ਨੰਬਰ ਪੀਬੀ 46 ਕ0833 ਸ਼ਾਮ ਨੂੰ ਝਬਾਲ ਰੋਡ ਤੋਂ ਵਾਪਸ ਘਰ ਆ ਰਹੀ ਸੀ ਦੁਕਾਨਦਾਰਾਂ ਵੱਲੋਂ ਪਹਿਚਾਣ ਅਨੁਸਾਰ ਮੋਟਰਸਾਈਕਲ ਸਵਾਰ ਕਥਿਤ ਦੋਸ਼ੀ ਨਵਦੀਪ ਸਿੰਘ ਮੇਰੀ ਧਰਮ ਪਤਨੀ ਕੋਲੋਂ ਜਬਰਨ ਪਰਸ ਖੋਹ ਕੇ ਲੈ ਗਿਆ ਐਕਟਵਾ ਨੂੰ ਲੱਤ ਮਾਰਦਿਆਂ ਐਕਟਵਾ ਨੂੰ ਕਾਫੀ ਦੂਰ ਸੁੱਟ ਦਿੱਤਾ ਜਿਸ ਦੌਰਾਨ ਮੇਰੀ ਪਤਨੀ ਦੇ ਸਰੀਰ ਉੱਪਰ ਕਾਫੀ ਸੱਟਾਂ ਅਤੇ ਰਗੜਾ ਲੱਗੀਆਂ ਮੌਕੇ ਤੇ ਦੁਕਾਨਦਾਰਾਂ ਵੱਲੋਂ ਕਥਿਤ ਦੋਸ਼ੀ ਫੜਨ ਦੀ ਕੋਸ਼ਿਸ਼ ਕੀਤੀ ਗਈ ਮੋਟਰਸਾਈਕਲ ਛੱਡ ਕੇ ਆਪ ਫਰਾਰ ਹੋ ਗਿਆ ਲੋਕਾਂ ਦੀ ਮਦਦ ਨਾਲ ਇੱਕ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਵਾਰਦਾਤ ਦੌਰਾਨ ਪਰਸ ਵਿੱਚ ਏਟੀਐਮ ਡਰਾਈਵਿੰਗ ਲਾਇਸੰਸ ਆਧਾਰ ਕਾਰਡ 5000 ਰੁਪਏ ਨਗਦ ਰਾਸ਼ੀ ਮੌਜੂਦ ਸੀ ਪੀੜਿਤ ਪਰਿਵਾਰ ਪੁਲਸ ਤੋਂ ਇਨਸਾਫ ਦੀ ਮੰਗ ਕੀਤੀ।

# ਮਾਪਿਆਂ ਦੇ ਇਕਲੌਤੇ ਪੁੱਤ ਦਾ ਗੋਲੀਆਂ ਮਾਰ ਕੇ ਕਤਲ

## ਕਤਲ ਪਿੱਛੇ ਕਾਰਣਾਂ ਅਜੇ ਤੱਕ ਨਹੀਂ ਲੱਗ ਸਕਿਆ ਪਤਾ, ਪੁੱਤ ਦੀ ਮੌਤ ਨਾਲ ਮਾਪਿਆਂ ਦਾ ਰੋ ਰੋ ਕੇ ਹੋਇਆ ਬੁਰਾ ਹਾਲ



**ਚੌਕ ਮਹਿਤਾ, 2 ਮਈ (ਕੈਪਟਨ)**-ਅਣਪਛਾਤੇ ਵਿਅਕਤੀਆਂ ਦੇ ਵੱਲੋਂ ਇਕ ਨੌਜਵਾਨ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਮ੍ਰਿਤਕ ਅਮਰਜੋਤ ਸਿੰਘ ਨੇੜਲੇ ਪਿੰਡ ਮਹਿਸਮਪੁਰ ਕਲਾਂ ਦਾ ਵਸਨੀਕ ਸੀ, ਅਤੇ ਮਾਪਿਆਂ ਦਾ ਇਕਲੌਤਾ ਪੁੱਤ ਸੀ। ਜੋ ਪਨੀਰ ਖਰੀਦਣ ਲਈ ਪਿੰਡ ਦੇ ਬਾਹਰਵਾਰ ਡੇਅਰੀ ਤੇ ਗਿਆ, ਜਿੱਥੇ ਕਾਰ ਸਵਾਰ ਉਸ ਨੂੰ ਆਪਣੇ ਨਾਲ ਬਿਠਾ ਕੇ ਲੈ ਗਏ ਅਤੇ ਕੁਝ ਦੂਰ ਲਿਜਾ ਕੇ ਉਕਤ ਨੌਜਵਾਨ ਨੂੰ ਗੋਲੀਆਂ ਮਾਰ ਕੇ ਸੁੱਟ ਗਏ। ਜਿਕਰਯੋਗ ਹੈ ਕਿ ਖਬਰ ਲਿਖੇ ਜਾਣ ਤਕ ਇਸ ਵਾਰਦਾਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਮੌਕੇ ਤੇ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਤਫਤੀਸ਼ ਕਰਕੇ ਦੋਸ਼ੀਆਂ ਨੂੰ ਛੇਤੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਸੰਗੀਤ ਅਕੈਡਮੀ ਜੱਬੋਵਾਲ ਦੇ ਬੱਚਿਆਂ ਨੂੰ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਵਾਏ : ਸੰਤ ਬਾਬਾ ਮਲਕੀਤ ਸਿੰਘ ਖਾਲਸਾ ਜੱਬੋਵਾਲ

## ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਹੀਦੀ ਯਾਦਗਾਰੀ ਗੈਲਰੀ ਬਣਾਈ ਗਈ ਹੈ ਉਸ ਗੈਲਰੀ ਵਿੱਚ ਸ਼ਹੀਦਾਂ ਸਿੰਘਾਂ ਸਿੰਘਣੀਆਂ ਅਤੇ ਭੁਝੰਗੀਆਂ ਬਾਰੇ ਜਾਣਕਾਰੀ ਦਿੱਤੀ ਗਈ







ਆਵਾਜ਼ਿ ਕੌਮ
AWAZE QAUM
International Newspaper & WEB TV






**ਚੌਕ ਮਹਿਤਾ, 3 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਸੰਗੀਤ ਅਕੈਡਮੀ ਜੱਬੋਵਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਮਲਕੀਤ ਸਿੰਘ ਖਾਲਸਾ ਜੱਬੋਵਾਲ ਦੀ ਅਗਵਾਈ ਹੇਠ ਅਕੈਡਮੀ ਵਿਖੇ ਪੜ੍ਹਾਈ ਕਰ ਰਹੇ ਲੋੜਵੰਦ ਪਰਿਵਾਰਾਂ ਦੇ ਬੱਚੇ ਬੱਚੀਆਂ ਨੂੰ ਗੁਰਮਤਿ ਦੀ ਪੜ੍ਹਾਈ ਅਤੇ ਸਕੂਲ ਦੀ ਪੜ੍ਹਾਈ ਦੇ ਨਾਲ ਨਾਲ ਸ਼ੁੱਧ ਗੁਰਬਾਣੀ ਦੀ ਸੰਥਿਆ, ਗਤਕਾ, ਤੰਤੀ ਸਾਜ਼, ਹਰਮੋਨੀਅਮ, ਤਬਲਾ ਜੌੜੀ, ਅਤੇ ਖੇਡਾਂ ਦੀ ਵੀ ਵੱਧੀਆ ਅਧਿਆਪਕਾ ਰਾਹੀਂ ਕਰਵਾਈਆਂ ਜਾਂਦੀਆਂ ਹਨ ।ਸਾਰੇ ਬੱਚੇ ਬੱਚੀਆਂ ਅਮ੍ਰਿੰਤਧਾਰੀ ਅਤੇ ਬਾਣੇ ਵਿੱਚ ਸਜੇ ਹੋਏ ਹਨ। ਸੰਤ ਬਾਬਾ ਮਲਕੀਤ ਸਿੰਘ ਖਾਲਸਾ ਜੱਬੋਵਾਲ ਦੀ ਅਗਵਾਈ ਹੇਠ ਸਮੂਹ ਬੱਚੇ ਬੱਚੀਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ, ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਵਾਏ ਗਏ। ਅਤੇ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਹੀਦੀ ਯਾਦਗਾਰੀ ਗੈਲਰੀ ਬਣਾਈ ਗਈ ਹੈ ਉਸ ਗੈਲਰੀ ਵਿੱਚ ਸ਼ਹੀਦਾਂ ਸਿੰਘਾਂ ਸਿੰਘਣੀਆਂ ਅਤੇ ਭੁਝੰਗੀਆਂ ਬਾਰੇ ਜਾਣਕਾਰੀ ਦਿੱਤੀ ਗਈ ।ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਾਜੇ ਗਏ ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਵਾਏ ਗਏ। ਇਸ ਮੌਕੇ ਤੇ ਸੰਤ ਬਾਬਾ ਮਲਕੀਤ ਸਿੰਘ ਖਾਲਸਾ ਜੱਬੋਵਾਲ ਵਾਲਿਆਂ ਅਤੇ ਸਮੂਹ ਬੱਚੇ, ਬੱਚੀਆਂ ਨੇਂ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਅਤੇ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤਰ ਪਾਵਨ ਲੰਗਰ ਛਕੇ। ਇਸ ਦੀ ਪ੍ਰਸੰਸਾ ਸਿਰਮੌਰ ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਉਨ੍ਹਾਂ ਨੇ ਕਿਹਾ ਕਿ ਬਹੁਤ ਖੁਸ਼ੀ ਹੋਈ ਕਿ ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਸੰਗੀਤ ਅਕੈਡਮੀ ਜੱਬੋਵਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਮਲਕੀਤ ਸਿੰਘ ਅਤੇ ਉਨ੍ਹਾਂ ਦੇ ਨਾਲ ਸਮੂਹ ਸੇਵਾਦਾਰਾਂ ਦਿਨ ਰਾਤ ਇੱਕ ਕਰਕੇ ਲੋੜਵੰਦ ਪਰਿਵਾਰਾਂ ਦੇ ਬੱਚੇ ਬੱਚੀਆਂ ਦੀ ਸੇਵਾ ਕਰ ਰਹੇ ਹਨ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਕਾਰ ਸੇਵਾ ਬਾਰੇ ਦੋ ਸ਼ਬਦ

# ਕਾਰ ਸੇਵਾ ਇੱਕ ਬੜਾ ਪਿਆਰਾ ਤੇ ਸਤਿਕਾਰਤ ਸ਼ਬਦ : ਜਥੇਦਾਰ ਬਲਜੀਤ ਸਿੰਘ ਦਾਦੂਵਾਲ













ਕਾਰ ਸੇਵਾ ਇੱਕ ਬੜਾ ਪਿਆਰਾ ਤੇ ਸਤਿਕਾਰਤ ਸ਼ਬਦ ਹੈ ਜਿਸ ਦਾ ਸਿੱਖ ਜਗਤ ਵਿੱਚ ਬਹੁਤ ਵੱਡਾ ਮਹੱਤਵ ਹੈ ਭਾਵੇਂ ਕੇ ਕਾਰ ਸੇਵਾ ਨਾਲ ਕੁਝ ਅਜਿਹੀਆਂ ਘਟਨਾਵਾਂ ਵੀ ਜੁੜੀਆਂ ਹਨ ਜਿੰਨਾ ਕਰਕੇ ਕਾਰ ਸੇਵਾ ਪ੍ਰਤੀ ਸਿੱਖ ਪੰਥ ਵਿੱਚ ਵਿਰੋਧ ਵੀ ਪੈਦਾ ਹੋਇਆ ਪਰ ਜੇ ਕਾਰ ਸੇਵਾ ਦੇ ਸਾਰਥਕ ਪੱਖ ਨੂੰ ਵੇਖਿਆ ਜਾਵੇ ਤਾਂ ਸਿੱਖ ਪੰਥ ਦੇ ਪਾਵਨ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਲੈ ਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੱਕ ਗੁਰੂ ਸਹਿਬਾਨ ਦੇ ਇਤਿਹਾਸਕ

ਆਵਾਜ਼ਿ ਕੌਮ
AWAZE QAUM
International Newspaper & WEB TV

ਅਸਥਾਨ,ਸਿੰਘਾਂ ਸ਼ਹੀਦਾਂ ਸੰਤ ਮਹਾਂਪੁਰਸ਼ਾਂ ਦੇ ਯਾਦਗਾਰੀ ਗੁਰੂ ਘਰਾਂ ਦੀਆਂ ਸੁੰਦਰ ਇਮਾਰਤਾਂ,ਲੰਗਰ ਹਾਲ,ਦੀਵਾਨ ਹਾਲ,ਰਿਹਾਇਸ਼ੀ ਸਰਾਵਾਂ,ਸਕੂਲ ਕਾਲਜ,ਨਦੀਆਂ ਦਰਿਆਵਾਂ ਤੇ ਪੱਕੇ ਪੁਲ,ਗੁਰੂ ਕੇ ਲੰਗਰ,ਗੁਰਮਤਿ ਸਮਾਗਮ ਕਾਰ ਸੇਵਾ ਦੇ ਹਿੱਸੇ ਬਹੁਤ ਵੱਡੀਆਂ ਸੇਵਾਵਾਂ ਆਉਂਦੀਆਂ ਹਨ ਕਾਰ ਵਾਲੇ ਸੰਤ ਮਹਾਂਪੁਰਸ਼ ਸੇਵਾਦਾਰ ਦਿਨ ਰਾਤ ਅਣਥੱਕ ਸਵਾਰਥ ਰਹਿਤ ਵੱਡੀਆਂ ਸੇਵਾਵਾਂ ਕਰਦੇ ਹਨ ਕਈ ਸਿੰਘ ਤਾਂ ਜੀਵਨ ਭਰ ਤੇ ਕਈ ਸਿੰਘ ਕਈ ਕਈ ਸਾਲਾਂ ਮਹੀਨਿਆਂ ਲਈ ਨੇਮੀ ਹੋ ਜਾਂਦੇ ਹਨ ਅਤੇ ਆਪਣੇ ਘਰ ਦੇ ਕਾਰੋਬਾਰ ਛੱਡ ਕੇ ਕਾਰ ਸੇਵਾ ਵਿੱਚ ਦਿਨ-ਰਾਤ ਸੇਵਾ ਨਿਭਾਉਂਦੇ ਹਨ ਇਹ ਕੋਈ ਅਸਾਨ ਗੱਲ ਨਹੀਂ ਹੈ ਮੈਨੂੰ ਕਈ ਵਾਰ ਹੈਰਾਨੀ ਹੁੰਦੀ ਹੈ ਜਦੋਂ ਕਈ ਮਾਈ ਭਾਈ ਕਾਰ ਸੇਵਾ ਦਾ ਹੀ ਵਿਰੋਧ ਕਰਦੇ ਹਨ ਪਰ ਉਹੀ ਵਿਰੋਧ ਕਰਨ ਵਾਲੇ ਸੱਜਣ ਜਦੋਂ ਸ੍ਰੀ ਹਰਿਮੰਦਰ ਸਾਹਿਬ,ਅਨੰਦਪੁਰ ਸਾਹਿਬ,ਹਜ਼ੂਰ ਸਾਹਿਬ,ਪਟਨਾ ਸਾਹਿਬ ਆਦਿਕ ਗੁਰੂਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ ਤਾਂ ਰਸਤੇ ਵਿੱਚ ਬਣੇ ਕਾਰ ਸੇਵਾ ਦੇ ਅਸਥਾਨਾਂ ਜਾਂ ਉਪਰੋਕਤ ਪਾਵਨ ਅਸਥਾਨਾਂ ਉੱਪਰ ਵਰਤਦੇ ਦੇਸੀ ਘਿਓ ਦੇ ਲੰਗਰਾਂ ਵਿੱਚ ਥਾਲੀ ਲੈ ਕੇ ਬੈਠੇ ਹੁੰਦੇ ਹਨ ਤੇ ਉਨਾਂ ਨੂੰ ਵੀ ਲੰਗਰ ਪ੍ਰਸ਼ਾਦਾ ਕਾਰ ਸੇਵਾ ਦੁਆਰਾ ਘਰ ਘਰ ਘੁੰਮ ਕੇ ਇਕੱਠੀ ਕੀਤੀ ਰਸਦ ਦਾ ਹੀ ਪ੍ਰਾਪਤ ਹੁੰਦਾ ਹੈ ਤਾਂ ਉਨਾਂ ਵਲੋਂ ਕੀਤਾ ਗਿਆ ਕਾਰ ਸੇਵਾ ਦਾ ਵਿਰੋਧ ਸਿਧਾਂਤਹੀਣ ਪ੍ਰਤੀਤ ਹੁੰਦਾ ਹੈ ਹੱਥ ਵਿੱਚ ਕਾਰ ਸੇਵਾ ਦੀ ਬੋਰੀ ਫੜ ਕੇ ਘਰ ਘਰ ਅਲਖ ਜਗਾ ਕੇ ਮੰਗਣਾ ਕਿਤੇ ਸੌਖਾ ਕੰਮ ਨਹੀਂ ਹੁੰਦਾ ਵਿਦਵਾਨਾਂ ਨੇ ਲਿਖਿਆ 'ਮਰੇ ਸੋ ਮੰਗਣ ਜਾਇ' ਭਾਵੇਂ ਗੁਰੂ ਘਰ ਦੀ ਕਾਰ ਸੇਵਾ ਲਈ ਹੀ ਮੰਗਣਾ ਹੈ ਪਰ ਮੰਗਣ ਤੋਂ ਪਹਿਲਾਂ ਮਨ ਮਾਰਣਾ ਪੈਂਦਾ ਹੈ ਜਦੋਂ ਕਿਸੇ ਦੇ ਦਰਵਾਜ਼ੇ ਤੇ ਸਤਿਨਾਮ ਵਾਹਿਗੁਰੂ ਦਾ ਅਵਾਜ਼ਾ ਦੇ ਕੇ ਅਲਖ ਜਗਾਉਣੀ ਪੈਂਦੀ ਹੈ ਤਾਂ ਪਤਾ ਨਹੀਂ ਹੁੰਦਾ ਕੇ



ਅੱਗੋਂ ਕੀ ਜਵਾਬ ਮਿਲਣਾ ਹੈ ਜੇ ਕੋਈ ਬੁਰਾ ਵੀ ਬੋਲਦਾ ਹੈ ਤਾਂ ਉਸਨੂੰ ਵੀ ਤੇਰਾ ਭਲਾ ਹੋਵੇ ਕਹਿ ਕੇ ਅੱਗੇ ਤੁਰਨਾ ਪੈਂਦਾ ਹੈ ਕੁੱਝ ਦਿਨ ਪਹਿਲਾਂ ਕਾਰ ਸੇਵਾ ਵਾਲੇ ਮਹਾਂਪੁਰਸ਼ ਬਾਬਾ ਅਮਰੀਕ ਸਿੰਘ ਜੀ ਗੁਰਦੁਆਰਾ ਹੀਰਾ ਬਾਗ ਪਟਿਆਲੇ ਵਾਲੇ ਕਣਕ ਦੀ ਉਗਰਾਹੀ ਕਰਦੇ ਕਰਦੇ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਆਏ ਤਾਂ 10 ਬੋਰੀਆਂ ਕਣਕ ਦੀ ਸੇਵਾ ਲਈ ਛੱਡ ਗਏ ਸਨ ਅੱਜ ਉਨਾਂ ਦੇ ਸੇਵਾਦਾਰ ਭਾਈ ਕਰਮਜੀਤ ਸਿੰਘ,ਬਾਬਾ ਚਾਨਣ ਸਿੰਘ,ਹੈਪੀ ਸਿੰਘ,ਗੁਰਵਿੰਦਰ ਸਿੰਘ ਕਾਰ ਸੇਵਾ ਕਣਕ ਦੀਆਂ ਬੋਰੀਆਂ ਲੈਣ ਵਾਸਤੇ ਪੁੱਜੇ ਤਾਂ ਵੇਖਿਆ ਕੇ ਵੈਸੇ ਤਾਂ ਹੁਣ ਆਮ ਬੋਰੀ 50 ਕਿਲੋ ਦੀ ਹੁੰਦੀ ਹੈ ਪਰ ਕਾਰ ਸੇਵਾ ਦੀ ਬੋਰੀ ਅੱਜ ਵੀ ਸਵਾ ਕੁਇੰਟਲ ਦੇ ਕਰੀਬ ਹੁੰਦੀ ਹੈ ਕਣਕ ਦੀਆਂ ਭਰੀਆਂ ਬੋਰੀਆਂ ਨੂੰ ਦੋ ਸੇਵਾਦਾਰ ਜਦੋਂ ਇੱਕ ਦੂਜੇ ਦਾ ਹੱਥ ਫੜ ਕੇ ਚੁੱਕ ਗੱਡੀ ਵਿੱਚ ਲੱਦ ਰਹੇ ਸਨ ਤਾਂ ਮਹਿਸੂਸ ਹੋਇਆ ਕੇ ਕਾਰ ਸੇਵਾ ਕਣਕ ਨਾਲ ਭਰੀਆਂ ਬੋਰੀਆਂ ਚੁੱਕ ਚੁੱਕ ਕੇ ਗੱਡੀਆਂ ਵਿੱਚ ਲੱਦਣਾ ਕੋਈ ਸੌਖੀ ਗੱਲ ਨਹੀਂ ਹੁੰਦੀ ਬਸ ਗੱਲਾਂ ਕਰ ਲੈਣੀਆਂ ਸੌਖੀਆਂ ਹੁੰਦੀਆਂ ਹਨ ਜੋ ਸ਼ਰਧਾ ਭਾਵਨਾ ਵਿਹੂਣੇ ਲੋਕ ਅਕਸਰ ਕਾਰ ਸੇਵਾ ਦਾ ਵਿਰੋਧ ਕਰਕੇ ਹਨ ਮਹਾਂਪੁਰਖ ਬਾਬਾ ਗੁਰਮੁੱਖ ਸਿੰਘ ਕਾਰ ਸੇਵਾ ਪਟਿਆਲੇ ਵਾਲਿਆਂ ਵਲੋਂ ਆਰੰਭ ਹੋਈ ਕਾਰ ਸੇਵਾ ਦੀ ਸੰਪਰਦਾਇ ਅੱਜ ਵੱਖ ਵੱਖ ਭਾਗਾਂ ਦੇ ਵਿੱਚ ਵੱਖ ਵੱਖ ਥਾਵਾਂ ਤੇ ਚੜਦੀਕਲਾ ਨਾਲ ਸੇਵਾ ਨਿਭਾ ਰਹੀ ਹੈ ਕਾਰ ਸੇਵਾ ਦਿੱਲੀ ਵਾਲੇ,ਸ੍ਰੀ ਤਰਨਤਾਰਨ ਸਾਹਿਬ ਵਾਲੇ,ਪਟਿਆਲੇ ਵਾਲੇ,ਭੂਰੀ ਵਾਲੇ,ਗੋਇੰਦਵਾਲ ਸਾਹਿਬ ਵਾਲੇ,ਖਡੂਰ ਸਾਹਿਬ ਵਾਲੇ,ਲੰਗਰ ਸਾਹਿਬ ਹਜ਼ੂਰ ਸਾਹਿਬ ਵਾਲੇ,ਸ੍ਰੀ ਅਨੰਦਪੁਰ ਸਾਹਿਬ ਵਾਲੇ ਸੰਤ ਮਹਾਂਪੁਰਸ਼ ਅਣਥੱਕ ਸੇਵਾਵਾਂ ਨਿਭਾ ਰਹੇ ਹਨ ਇਨਾਂ ਸੰਪਰਦਾਵਾਂ ਤੋਂ ਵਰੋਸਾਏ ਵੱਖ ਵੱਖ ਜਥੇਦਾਰ ਵੱਖ ਵੱਖ ਪੜਾਵਾਂ ਤੇ ਸ਼ਲਾਘਾਯੋਗ ਸੇਵਾ ਕਰ ਰਹੇ ਹਨ ਇਨਾਂ ਸਮੂੰਹ ਸੰਤ ਮਹਾਂਪੁਰਸ਼ਾਂ ਸੇਵਾਦਾਰਾਂ ਨੂੰ ਦਾਸ ਸ਼ਰਧਾ ਸਤਿਕਾਰ ਸਹਿਤ ਨਮਸਕਾਰ ਕਰਦਾ ਹੈ ਕੁਝ ਵਿਰਾਸਤੀ ਇਮਾਰਤਾ ਦਰੱਖਤਾਂ ਨੂੰ ਪਿਛਲੇ ਸਮੇਂ ਦੌਰਾਨ ਜਾਣੇ ਅਣਜਾਣੇ ਵਿੱਚ ਕਾਰ ਸੇਵਾ ਰਾਹੀਂ ਖਤਮ ਕਰ ਦਿੱਤਾ ਗਿਆ ਜੋ ਬਰਦਾਸ਼ਤੇ ਕਾਬਿਲ ਨਹੀਂ ਸੀ ਜਿਸ ਦਾ ਤਿੱਖਾ ਵਿਰੋਧ ਸਿੱਖ ਪੰਥ ਵਿੱਚ ਹੋਇਆ ਅਜਿਹੀਆਂ ਘਟਨਾਵਾਂ ਨੇ ਕਾਰ ਸੇਵਾ ਤੇ ਸਵਾਲ ਵੀ ਖੜੇ ਕੀਤੇ ਅਤੇ ਸਿੱਖ ਪੰਥ ਵਿੱਚ ਨਿਰਾਸ਼ਤਾ ਵੀ ਪੈਦਾ ਕੀਤੀ ਦਾਸ ਆਪਣੇ ਵੱਲੋਂ ਵੀ ਸਾਰੇ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਅਪੀਲ ਕਰਨੀ ਚਾਹੁੰਦਾ ਹੈ ਕੇ ਵਿਰਾਸਤੀ ਇਮਾਰਤਾਂ,ਵਿਰਾਸਤੀ ਰੁੱਖਾਂ,ਵਿਰਾਸਤੀ ਖੂਹਾਂ ਨੂੰ ਪਹਿਲ ਦੇ ਅਧਾਰ ਤੇ ਸੰਭਾਲਿਆ ਜਾਵੇ ਤਾਂ ਕੇ ਸਾਡਾ ਜਿਉਂਦਾ ਜਾਗਦਾ ਇਤਿਹਾਸ ਜਿੰਦਾ ਰਹਿ ਸਕੇ ਕਾਰ ਸੇਵਾ ਦੀ ਮਹੱਤਤਾ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਪਰ ਦਾਸ ਇਨਾਂ ਚੰਦ ਸ਼ਬਦਾਂ ਦੇ ਨਾਲ ਹੀ ਚੱਲ ਰਹੀਆਂ ਕਾਰ ਸੇਵਾਵਾਂ ਸੰਤ ਮਹਾਂਪੁਰਸ਼ਾਂ ਨੂੰ ਨਮਸਕਾਰ ਕਰਦਾ ਹੋਇਆ ਫਤਹਿ ਅਰਜ਼ ਕਰਦਾ ਹੈ

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ**

**ਦਾਸ - ਜਥੇਦਾਰ ਬਲਜੀਤ ਸਿੰਘ ਦਾਦੂਵਾਲ**
**ਚੇਅਰਮੈਨ,ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

### ਪੰਜਾਬ ਭਰ ਚੋਂ ਤੀਜੇ ਨੰਬਰ ਤੇ ਰਹੀ ਵਾਲੀਵਾਲ ਦੀ ਟੀਮ ਨੂੰ

# ਜਥੇਦਾਰ ਦਾਦੂਵਾਲ ਜੀ ਨੇ ਕੀਤਾ ਸਨਮਾਨਿਤ

## ਜਥੇਦਾਰ ਦਾਦੂਵਾਲ ਜੀ ਨੇ ਟੀਮ ਨੂੰ 12 ਖੇਡ ਕਿੱਟਾਂ ਅਤੇ 6 ਵਾਲੀਵਾਲ ਖੇਡ ਬਾਲਾਂ ਦੇਣ ਦਾ ਕੀਤਾ ਐਲਾਨ








ਆਵਾਜ਼ਿ ਕੌਮ AWAZE QAUM International Newspaper & WEB TV





ਪੰਜਾਬ ਭਰ ਦੇ ਵਾਲੀਵਾਲ ਖੇਡ ਮੁਕਾਬਲਿਆਂ ਚੋਂ ਤੀਜੇ ਨੰਬਰ ਤੇ ਰਹੀ ਟੀਮ ਨੂੰ ਅੱਜ ਪਿੰਡ ਜੋਗੇਵਾਲਾ ਜ਼ਿਲਾ ਬਠਿੰਡਾ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਸਰਟੀਫਿਕੇਟ ਸਿਰਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੇ ਬਠਿੰਡਾ ਦੇ ਪਿੰਡ ਗਾਟਵਾਲੀ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਬਲਜਿੰਦਰ ਸਿੰਘ ਵਾਲੀਵਾਲ ਕੋਚ ਵੱਲੋਂ ਬੱਚਿਆਂ ਨੂੰ ਚੰਗੇ ਤਰੀਕੇ ਨਾਲ ਤਰਾਸ਼ ਕੇ ਖੇਡ ਲਈ ਤਿਆਰ ਕੀਤਾ ਸੀ ਤੇ ਇਨਾਂ 6 ਬੱਚਿਆਂ ਨੇ ਅੱਛੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਪੂਰੇ ਪੰਜਾਬ ਦੇ ਖੇਡ ਮੁਕਾਬਲਿਆਂ ਵਿੱਚੋਂ ਤੀਜੀ ਪੁਜੀਸ਼ਨ ਨੂੰ ਪ੍ਰਾਪਤ ਕੀਤਾ ਕੋਚ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਸੀ ਕੇ ਪੰਜਾਬ ਦੇ 23 ਜਿਲਿਆਂ ਅਤੇ 4 ਅਕੈਡਮੀਆਂ ਦੀਆਂ ਕੁੱਲ 27 ਟੀਮਾਂ ਵੱਲੋਂ ਭਾਗ ਲਿਆ ਗਿਆ ਸੀ ਜਿਨਾਂ ਵਿੱਚੋਂ ਇਸ ਟੀਮ ਨੇ ਤੀਜੀ ਪੁਜੀਸ਼ਨ ਨੂੰ ਪ੍ਰਾਪਤ ਕੀਤਾ ਹੈ ਜਥੇਦਾਰ ਦਾਦੂਵਾਲ ਜੀ ਵੱਲੋਂ ਇਨਾਂ ਬੱਚਿਆਂ ਦਾ ਹੌਂਸਲਾ ਵਧਾਉਣ ਵਾਸਤੇ 6 ਵਾਲੀਵਾਲ ਖੇਡ ਬਾਲਾਂ ਅਤੇ 12 ਖੇਡ ਕਿੱਟਾਂ ਆਪਣੇ ਸੁੱਖ ਸੇਵਾ ਸਿਮਰਨ ਟਰਸਟ ਰਜਿਸਟਰਡ ਵੱਲੋਂ ਦੇਣ ਦਾ ਐਲਾਨ ਕੀਤਾ ਨਗਰ ਪੰਚਾਇਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਸਨਮਾਨ ਚਿੰਨ ਭੇਂਟ ਕਰਕੇ ਵਿਸ਼ੇਸ਼ ਸਨਮਾਨ ਅਤੇ ਧੰਨਵਾਦ ਕੀਤਾ ਇਸ ਸਮੇਂ ਨਗਰ ਜੋਗੇਵਾਲਾ ਗੁਰੂਘਰ ਦੇ ਗ੍ਰੰਥੀ ਗਿਆਨੀ ਕੁਲਦੀਪ ਸਿੰਘ,ਪ੍ਰਧਾਨ ਬਲਜੀਤ ਸਿੰਘ,ਜਗਦੇਵ ਸਿੰਘ ਬਲਾਕ ਸੰਮਤੀ ਮੈਂਬਰ,ਨਿਰਮਲ ਸਿੰਘ ਮੱਲੜੀ,ਬਾਬਾ ਅਰਜਨ ਸਿੰਘ ਲਹਿਰੀ,ਗੁਰਦੀਪ ਸਿੰਘ ਕਲੱਬ ਪ੍ਰਧਾਨ,ਦਲਜੀਤ ਸਿੰਘ ਨੰਬਰਦਾਰ,ਗੁਰਸੇਵਕ ਸਿੰਘ ਮੈਂਬਰ,ਅਮਰੀਕ ਸਿੰਘ ਮੈਂਬਰ,ਸਤਪਾਲ ਸਿੰਘ ਮੈਂਬਰ,ਸੁਰਿੰਦਰ ਸਿੰਘ ਮੈਂਬਰ,ਰਜਿੰਦਰ ਸਿੰਘ ਮੈਂਬਰ,ਅਮਰੀਕ ਸਿੰਘ ਸਾਬਕਾ ਮੈਂਬਰ,ਕਰਤਾਰ ਸਿੰਘ ਸਾਬਕਾ ਸਰਪੰਚ,ਜਗਮੇਲ ਸਿੰਘ ਸਾਬਕਾ,ਨਾਇਬ ਸਿੰਘ ਸਾਬਕਾ ਸਰਪੰਚ ਮੱਲੜੀ,ਅਧਿਆਪਕ ਬਲਜਿੰਦਰ ਸਿੰਘ ਵਾਲੀਵਾਲ ਕੋਚ ਅਤੇ ਉਨਾਂ ਦੀ ਧਰਮ ਸੁਪਤਨੀ ਅਧਿਆਪਕ ਸ਼ਿਮੰਦਰਜੀਤ ਕੌਰ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਰਦਾਰ ਹਰੀ ਸਿੰਘ ਨਲੂਆ 'ਤੇ ਫ਼ਿਲਮ ਰੋਕਣ ਦੇ ਫ਼ੈਸਲੇ 'ਤੇ ਪ੍ਰੋ. ਸਰਚਾਂਦ ਸਿੰਘ ਖਿਆਲਾ ਦੇ ਤਿੱਖੇ ਸਵਾਲ

# ਜਥੇਦਾਰ ਗੜਗੱਜ ਆਪਣੇ ਫ਼ੈਸਲੇ ਦੀ ਸਿਧਾਂਤਕ ਸਪਸ਼ਟਤਾ ਸੰਗਤ ਸਾਹਮਣੇ ਰੱਖਣ: ਪ੍ਰੋ. ਖਿਆਲਾ



**ਅੰਮ੍ਰਿਤਸਰ, 3 ਮਈ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਅਤੇ ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਜੀਵਨੀ 'ਤੇ ਫ਼ਿਲਮ ਬਣਾਉਣ ਦੇ ਪ੍ਰਸਤਾਵ ਨੂੰ ਰੱਦ ਕਰਨ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਫ਼ੈਸਲੇ 'ਤੇ ਹੈਰਾਨੀ ਜਤਾਉਂਦਿਆਂ ਕਿਹਾ ਹੈ ਕਿ ਇਸ ਦੇ ਪਿੱਛੇ ਸਿਧਾਂਤਕ ਸਪਸ਼ਟਤਾ ਸੰਗਤ ਦੇ ਸਾਹਮਣੇ ਰੱਖੀ ਜਾਵੇ।

ਉਨ੍ਹਾਂ ਕਿਹਾ ਕਿ ਜੇਕਰ ਧਾਰਮਿਕ ਮਰਯਾਦਾ ਦੀ ਰੱਖਿਆ ਮੁੱਖ ਉਦੇਸ਼ ਹੈ, ਤਾਂ ਫ਼ਿਲਮਾਂ ਲਈ ਸਪਸ਼ਟ ਮਾਪਦੰਡ ਤੈਅ ਕਰਕੇ ਨਿਰਦੇਸ਼ ਜਾਰੀ ਕਰਨੇ ਚਾਹੀਦੇ ਸਨ, ਨਾ ਕਿ ਸਾਰਿਆਂ ਉੱਤੇ ਇਕਸਾਰ ਰੋਕ ਲਗਾ ਕੇ ਸੰਦੇਹ ਪੈਦਾ ਕੀਤਾ ਜਾਵੇ।

ਪ੍ਰੋ. ਖਿਆਲਾ ਨੇ ਗਿਆਨੀ ਗੜਗੱਜ ਦੇ ਫ਼ੈਸਲੇ ਵਿੱਚ ਦੋਹਰੇ ਮਾਪਦੰਡਾਂ ਉੱਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜੇਕਰ ਸਿੱਖ ਯੋਧਿਆਂ ਉੱਤੇ ਫ਼ਿਲਮਾਂ ਬਣਾਉਣ ਦੀ ਮਨਾਹੀ ਹੈ, ਤਾਂ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਈ ਤਿਆਰ ਕੀਤੀਆਂ ਜਾਂ ਖ਼ਰੀਦੀਆਂ ਗਈਆਂ ਫ਼ਿਲਮਾਂ—ਜਿਵੇਂ ਚਾਰ ਸਾਹਿਬਜ਼ਾਦੇ, ਬਾਬਾ ਬੰਦਾ ਸਿੰਘ ਬਹਾਦਰ, ਸੁਖਾ ਸਿੰਘ-ਮਹਿਤਾਬ ਸਿੰਘ, ਬੋਤਾ ਸਿੰਘ-ਗਰਜਾ ਸਿੰਘ—ਅਤੇ ਦਮਦਮਾ ਸਾਹਿਬ ਵਿਖੇ ਮੌਜੂਦ ਸ. ਨਲੂਆ ਦੇ ਅਧਾਰਿਤ ਨਾਟਕ ਮੰਡਲੀਆਂ ਬਾਰੇ ਕੀ ਰਵੱਈਆ ਹੋਵੇਗਾ? ਕੀ ਇਹਨਾਂ ਨੂੰ ਵੀ ਉਸੇ ਕਸੌਟੀ 'ਤੇ ਪਰਖਿਆ ਜਾਵੇਗਾ? ਇਸ ਦੇ ਲਈ ਸ਼੍ਰੋਮਣੀ ਕਮੇਟੀ ਨੂੰ ਕਟਹਿਰੇ 'ਚ ਕਦੋਂ ਖੜ੍ਹਾ ਕਰੇਗਾ? ਉਨ੍ਹਾਂ ਇਤਿਹਾਸਕ ਸੰਦਰਭ ਦਿੰਦਿਆਂ ਕਿਹਾ ਕਿ ਬੇਸ਼ੱਕ ਗੁਰੂ ਸਾਹਿਬਾਨ ਨੇ ਸਾਨੂੰ "ਸਾਖੀ ਪਰੰਪਰਾ" ਨਾਲ ਜੋੜਿਆ ਹੈ, ਨਾ ਕਿ "ਝਾਕੀ" ਨਾਲ। ਗੁਰਮਤ ਅਨੁਸਾਰ ਸਵਾਂਗ ਦੀ ਮਨਾਹੀ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ 20 ਫਰਵਰੀ 1934 ਨੂੰ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੇ ਮਾਨਵੀ ਚਿਤਰਨ ਨੂੰ ਅਸੂਲਾਂ ਦੇ ਖ਼ਿਲਾਫ਼ ਕਰਾਰ ਦਿੱਤਾ ਸੀ। ਇਸ ਤੋਂ ਬਾਅਦ 7 ਅਗਸਤ 1940 ਦੇ ਮਤੇ ਅਤੇ 10 ਜੁਲਾਈ 2003 ਦੀ ਪੁਸ਼ਟੀ ਅਤੇ ਫਿਰ 13 ਦਸੰਬਰ 2022 ਨੂੰ ਵੀ ਧਰਮ ਪ੍ਰਚਾਰ ਕਮੇਟੀ ਦੁਆਰਾ ਵੀ ਇਹ ਮਨਾਹੀ ਗੁਰੂ ਸਾਹਿਬਾਨ, ਉਹਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਪੰਜ ਪਿਆਰਿਆਂ ਤੱਕ ਸੀਮਿਤ ਰਹੀ ਹੈ। ਜਿਸ 'ਚ ਗਿਆਨੀ ਗੜਗੱਜ ਦੁਆਰਾ 2025 'ਚ ਸਿੱਖ ਯੋਧਿਆਂ ਨੂੰ ਵੀ ਜੋੜ ਦਿਤਾ ਗਿਆ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 2025 ਤੋਂ ਪਹਿਲਾਂ ਕਿਸੇ ਵੀ ਫ਼ੈਸਲੇ ਵਿੱਚ "ਸਿੱਖ ਯੋਧਿਆਂ" ਨੂੰ ਇਸ ਮਨਾਹੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ, ਜਦਕਿ ਹੁਣ ਇਸ ਦੀ ਵਿਸਥਾਰਿਤ ਵਿਆਖਿਆ ਕਰਕੇ ਯੋਧਿਆਂ ਨੂੰ ਵੀ ਇਸ ਵਿੱਚ ਜੋੜ ਦਿੱਤਾ ਗਿਆ ਹੈ, ਜੋ ਸਿਧਾਂਤਕ ਤੌਰ 'ਤੇ ਗੁੰਝਲਦਾਰ ਅਤੇ ਸੰਦੇਹਪੂਰਨ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਗਿਆਨੀ ਗੜਗੱਜ ਵੱਲੋਂ ਭਾਨੂਸ਼ਾਲੀ ਸਟੂਡੀਓ ਨੂੰ ਦਿੱਤੇ ਗਏ ਜਵਾਬ ਵਿੱਚ ਸਰਦਾਰ ਨਲੂਆ ਨੂੰ "ਪੁਰਾਤਨ ਸਿੱਖ ਯੋਧਾ" ਦੱਸ ਕੇ ਰੋਕ ਦਾ ਜਸਟਿਫਿਕੇਸ਼ਨ ਦੇਣਾ ਆਪਣੇ ਹੀ ਫ਼ੈਸਲੇ ਦੀ ਗਲਤ ਵਿਆਖਿਆ ਹੈ, ਕਿਉਂਕਿ 28 ਦਸੰਬਰ 2025 ਦੇ ਹੁਕਮਨਾਮੇ ਵਿੱਚ ਸਿੱਖ ਯੋਧਿਆਂ ਦੀ ਕੋਈ ਵੱਖਰੀ ਵਰਗੀਕਰਨ ਨਹੀਂ ਕੀਤੀ ਗਈ।

ਉਨ੍ਹਾਂ ਇਸ ਮਾਮਲੇ ਵਿੱਚ ਹੋਰ ਤਿੱਖਾ ਸਵਾਲ ਖੜ੍ਹਾ ਕਰਦਿਆਂ ਕਿਹਾ ਕਿ ਜੇਕਰ ਸਿੱਖ ਯੋਧਿਆਂ 'ਤੇ ਫ਼ਿਲਮ ਬਣਾਉਣ ਦਾ ਵਿਰੋਧ ਕੀਤਾ ਜਾ ਰਿਹਾ ਹੈ, ਤਾਂ ਫਿਰ ਦਲਜੀਤ ਸਿੰਘ ਦੁਸਾਂਝ ਵੱਲੋਂ ਸ੍ਰੀ ਜਸਵੰਤ ਸਿੰਘ ਖਾਲੜਾ 'ਤੇ ਬਣਾਈ ਗਈ ਫ਼ਿਲਮ 'ਪੰਜਾਬ 95' ਦੀ ਵਕਾਲਤ ਕਿਵੇਂ ਕੀਤੀ ਜਾ ਸਕਦੀ ਹੈ? ਕੀ ਗਿਆਨੀ ਗੜਗੱਜ ਦੇ ਨਜ਼ਰੀਏ ਅਨੁਸਾਰ ਸ੍ਰੀ ਖਾਲੜਾ ਸਿੱਖ ਯੋਧਾ ਨਹੀਂ ਮੰਨੇ ਜਾਂਦੇ?

ਉਨ੍ਹਾਂ 22 ਮਈ 2018 ਨੂੰ ਬਣਾਏ ਗਏ "21 ਮੈਂਬਰੀ ਸਿੱਖ ਸੈਂਸਰ ਬੋਰਡ" ਦਾ ਹਵਾਲਾ ਦਿੰਦਿਆਂ ਕਿਹਾ ਕਿ ਜੇਕਰ ਫ਼ਿਲਮਾਂ 'ਤੇ ਪੂਰੀ ਪਾਬੰਦੀ ਹੀ ਲਗਾਉਣੀ ਸੀ, ਤਾਂ ਅਕਾਲ ਤਖ਼ਤ ਸਾਹਿਬ ਤੋਂ ਇਸ ਬੋਰਡ ਦੀ ਸਥਾਪਨਾ ਦਾ ਮਕਸਦ ਕੀ ਸੀ? ਇਸ ਨਾਲ ਸਪਸ਼ਟ ਹੁੰਦਾ ਹੈ ਕਿ ਪਹਿਲਾਂ ਨਿਯਮਿਤ ਕਰਨ ਦੀ ਸੋਚ ਸੀ, ਨਾ ਕਿ ਪੂਰੀ ਮਨਾਹੀ।

ਪ੍ਰੋ. ਖਿਆਲਾ ਨੇ ਅਜੋਕੇ ਸਮੇਂ ਵਿੱਚ ਇਤਿਹਾਸਕ ਫ਼ਿਲਮਾਂ ਦੀ ਮਹੱਤਤਾ ਉਜਾਗਰ ਕਰਦਿਆਂ ਕਿਹਾ ਕਿ ਇਹ ਕੇਵਲ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਕੌਮੀ ਚੇਤਨਾ ਨੂੰ ਜਾਗਰੂਕ ਕਰਨ, ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਮੂਲ ਅਤੇ ਮੁੱਲਾਂ ਨਾਲ ਜੋੜਨ ਦਾ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹਨ। ਡਿਜ਼ੀਟਲ ਯੁੱਗ ਵਿੱਚ, ਜਿੱਥੇ ਕਿਤਾਬਾਂ ਨਾਲ ਦੂਰੀ ਵਧਦੀ ਜਾ ਰਹੀ ਹੈ, ਉੱਥੇ ਫ਼ਿਲਮਾਂ ਇਤਿਹਾਸ ਨੂੰ ਸਿਰਫ਼ ਪੜ੍ਹਨ ਯੋਗ ਨਹੀਂ, ਸਗੋਂ ਮਹਿਸੂਸ ਕਰਨ ਯੋਗ ਜੀਵੰਤ ਅਨੁਭਵ ਵਿੱਚ ਤਬਦੀਲ ਕਰਦੀਆਂ ਹਨ। ਇਹ ਭਾਸ਼ਾ, ਰਿਵਾਜ਼ਾਂ, ਪਹਿਰਾਵੇ ਅਤੇ ਜੀਵਨ-ਮੁੱਲਾਂ ਨੂੰ ਦ੍ਰਿਸ਼ਮਾਨ ਰੂਪ ਵਿੱਚ ਪੇਸ਼ ਕਰਕੇ ਅਗਲੀ ਪੀੜ੍ਹੀ ਤੱਕ ਸੁਰੱਖਿਅਤ ਢੰਗ ਨਾਲ ਪਹੁੰਚਾਉਂਦੀਆਂ ਹਨ। ਖ਼ਾਸ ਕਰਕੇ ਪੰਜਾਬੀ ਅਤੇ ਸਿੱਖ ਇਤਿਹਾਸ ਦੇ ਸੰਦਰਭ ਵਿੱਚ, ਇਹ ਫ਼ਿਲਮਾਂ ਸਿੱਖੀ ਦੇ ਮੂਲ ਸਿਧਾਂਤਾਂ, ਮਹਾਨ ਕੁਰਬਾਨੀਆਂ ਅਤੇ ਇਤਿਹਾਸਕ ਗੌਰਵ ਨੂੰ ਸਮਝਾਉਣ ਦਾ ਇੱਕ ਜੀਵੰਤ ਅਤੇ ਪ੍ਰਭਾਵਸ਼ਾਲੀ ਜਰੀਆ ਬਣ ਸਕਦੀਆਂ ਹਨ।

ਇਤਿਹਾਸਕ ਵਿਸ਼ਿਆਂ 'ਤੇ ਬਣਦੀਆਂ ਫ਼ਿਲਮਾਂ ਦੀ ਵਕਾਲਤ ਕਰਦਿਆਂ ਪ੍ਰੋ. ਖਿਆਲਾ ਨੇ ਕਿਹਾ ਕਿ 18ਵੀਂ ਸਦੀ ਦੇ ਸਿੱਖ ਇਤਿਹਾਸ ਅਤੇ ਸਿੱਖ ਯੋਧਿਆਂ ਦੀ ਬਹਾਦਰੀ ਦੇ ਆਲੇ-ਦੁਆਲੇ ਘੁੰਮਦੀ ਪੰਜਾਬੀ ਫ਼ਿਲਮ 'ਮਸਤਾਨੇ' ਅਤੇ ਸਾਰਾਗੜ੍ਹੀ ਦੇ ਇਤਿਹਾਸ 'ਤੇ ਬਣੀਆਂ ਫ਼ਿਲਮਾਂ ਨੇ ਸਿੱਖਾਂ ਦੇ ਕਿਰਦਾਰ, ਸੰਘਰਸ਼ ਅਤੇ ਬਹਾਦਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੂਪਮਾਨ ਕਰਕੇ ਆਮ ਦਰਸ਼ਕਾਂ ਨੂੰ ਜੋੜਨ ਵਿੱਚ ਕਾਮਯਾਬੀ ਹਾਸਲ ਕੀਤੀ। ਇਸ ਤੋਂ ਪਹਿਲਾਂ ਫ਼ਿਲਮਾਂ ਵਿੱਚ ਅਕਸਰ ਸਿੱਖ ਕਿਰਦਾਰਾਂ ਨੂੰ ਵਿਅੰਗਾਤਮਿਕ ਜਾਂ ਹਾਸੇ-ਮਜ਼ਾਕ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਰਿਹਾ, ਪਰ ਅਜਿਹੀਆਂ ਇਤਿਹਾਸਕ ਫ਼ਿਲਮਾਂ ਨੇ ਸਿੱਖ ਪਛਾਣ ਨੂੰ ਗੰਭੀਰਤਾ, ਸ਼ਾਨ ਅਤੇ ਗੌਰਵ ਨਾਲ ਪੇਸ਼ ਕਰਨ ਦੀ ਦਿਸ਼ਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਅਜਿਹੀਆਂ ਫ਼ਿਲਮਾਂ ਨਿਰੰਤਰ ਬਣਨੀਆਂ ਚਾਹੀਦੀਆਂ ਹਨ। ਇਸੇ ਸ਼੍ਰੇਣੀ ਵਿੱਚ ਸਰਦਾਰ ਹਰੀ ਸਿੰਘ ਨਲੂਆ ਦੀ ਜੀਵਨੀ ਨਾ ਸਿਰਫ਼ ਨਵੀਂ ਪੀੜ੍ਹੀ ਲਈ, ਸਗੋਂ ਸਰਹੱਦਾਂ 'ਤੇ ਪਹਿਰਾ ਦੇ ਰਹੀਆਂ ਸਾਡੀਆਂ ਫ਼ੌਜਾਂ ਅਤੇ ਨੌਜਵਾਨਾਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ। ਸਰਦਾਰ ਹਰੀ ਸਿੰਘ ਨਲੂਆ ਵਰਗੇ ਮਹਾਨ ਇਤਿਹਾਸਕ ਯੋਧੇ ਉੱਤੇ ਫ਼ਿਲਮ ਬਣਾਉਣ ਦੀ ਲੋੜ ਕੇਵਲ ਮਨੋਰੰਜਨ ਲਈ ਨਹੀਂ, ਸਗੋਂ ਕੌਮੀ ਚੇਤਨਾ, ਇਤਿਹਾਸਕ ਯਾਦ ਅਤੇ ਰਾਸ਼ਟਰੀ ਗੌਰਵ ਨੂੰ ਮਜ਼ਬੂਤ ਕਰਨ ਲਈ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਹਾਲੀਵੁੱਡ ਅਤੇ ਬਾਲੀਵੁੱਡ ਵਿੱਚ ਕਈ ਇਤਿਹਾਸਕ ਵਿਸ਼ਿਆਂ 'ਤੇ ਉੱਚ ਪੱਧਰੀ ਫ਼ਿਲਮਾਂ ਬਣਦੀਆਂ ਹਨ, ਪਰ ਸਿੱਖ ਇਤਿਹਾਸ ਨੂੰ ਅਜੇ ਵੀ ਉਸ ਦਰਜੇ ਦੀ ਵਿਸ਼ਵ ਪੱਧਰੀ ਪਹੁੰਚ ਨਹੀਂ ਮਿਲੀ। ਸਰਦਾਰ ਹਰੀ ਸਿੰਘ ਨਲੂਆ ਵਰਗੇ ਮਹਾਨ ਕਿਰਦਾਰ ਉੱਤੇ ਰਿਸਰਚ-ਅਧਾਰਿਤ ਅਤੇ ਮਰਯਾਦਾ ਪੂਰਨ ਫ਼ਿਲਮ ਸਿੱਖ ਇਤਿਹਾਸ ਨੂੰ ਵਿਸ਼ਵ ਮੰਚ 'ਤੇ ਲੈ ਜਾ ਸਕਦੀ ਹੈ। ਸ. ਨਲੂਆ ਨੇ ਅਫ਼ਗ਼ਾਨ ਹਮਲਾਵਰਾਂ ਨੂੰ ਰੋਕ ਕੇ ਭਾਰਤ ਦੀ ਉੱਤਰ-ਪੱਛਮੀ ਸਰਹੱਦਾਂ ਦੀ ਰੱਖਿਆ ਕੀਤੀ। ਉਨ੍ਹਾਂ ਦੀ ਕਹਾਣੀ ਕੇਵਲ ਇੱਕ ਯੋਧੇ ਦੀ ਕਹਾਣੀ ਨਹੀਂ, ਸਗੋਂ ਭਾਰਤ ਦੀ ਸਰਹੱਦੀ ਸੁਰੱਖਿਆ, ਰਾਜਨੀਤਿਕ ਦੂਰ-ਦਰਸ਼ਤਾ ਅਤੇ ਸੈਨਿਕ ਸ਼ਕਤੀ ਦੇ ਮਜ਼ਬੂਤ ਇਤਿਹਾਸ ਦੀ ਪ੍ਰਤੀਕ ਹੈ।

ਅੰਤ ਵਿੱਚ ਉਨ੍ਹਾਂ ਕਿਹਾ ਕਿ ਹਰੀ ਸਿੰਘ ਨਲੂਆ 'ਤੇ ਫ਼ਿਲਮ ਬਣਾਉਣਾ ਕੇਵਲ ਕਲਾ ਪ੍ਰੋਜੈਕਟ ਨਹੀਂ, ਸਗੋਂ ਇਤਿਹਾਸਕ ਜ਼ਿੰਮੇਵਾਰੀ ਹੈ। ਹਾਲਾਂਕਿ, ਇਹ ਵੀ ਉਤਨਾ ਹੀ ਜ਼ਰੂਰੀ ਹੈ ਕਿ ਅਜਿਹੀ ਕਿਸੇ ਵੀ ਫ਼ਿਲਮ ਵਿੱਚ ਸਿੱਖ ਰਹਿਤ ਮਰਯਾਦਾ, ਧਾਰਮਿਕ ਸੰਵੇਦਨਸ਼ੀਲਤਾ ਅਤੇ ਪੰਥਕ ਨਿਯਮਾਂ ਦਾ ਪੂਰਾ ਆਦਰ ਕੀਤਾ ਜਾਵੇ—ਤਾਂ ਜੋ ਪ੍ਰੇਰਨਾ ਅਤੇ ਮਰਯਾਦਾ ਦੋਵੇਂ ਕਾਇਮ ਰਹਿਣ।

ਆਵਾਜ਼ਿ ਕੌਮ AWAZE QAUM International Newspaper & WEB TV

ਵਿਦਿਆਰਥੀਆਂ ਵਿੱਚ ਸਵੈ-ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ

# ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਸ਼ਾਰਪ ਮਾਈਂਡ ਗਤੀਵਿਧੀਆਂ ਦਾ ਆਯੋਜਨ



**ਤਲਵੰਡੀ ਸਾਬੋ, 03 ਮਈ (ਗੁਰਜੰਟ ਸਿੰਘ ਨਥੇਹਾ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੇ ਬਿਜ਼ਨਸ ਸਟੱਡੀਜ਼ ਵਿਭਾਗ ਵਿਖੇ ਡਾ. ਸ਼ਸ਼ੀ ਅਗਰਵਾਲ ਦੀ ਅਗਵਾਈ ਹੇਠ ਸਵੈ-ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ ਇੱਕ ਸ਼ਾਰਪ ਮਾਈਂਡ ਗਤੀਵਿਧੀ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਬੀ.ਕਾਮ. ਤੇ ਐਮ.ਬੀ.ਏ. ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਵੱਖ-ਵੱਖ ਸਟਾਲਾਂ ਰਾਹੀਂ ਨਵੀਨਤਾਕਾਰੀ ਵਪਾਰਕ ਵਿਚਾਰਾਂ ਅਤੇ ਉੱਦਮੀ ਹੁਨਰਾਂ ਦਾ ਪ੍ਰਦਰਸ਼ਨ ਕੀਤਾ। ਵਿਭਾਗ ਦੇ ਮੁਖੀ ਡਾ. ਨਰਿੰਦਰ ਕੌਰ, ਵਰਕਸ਼ਾਪ ਕੋਆਰਡੀਨੇਟਰ ਡਾ. ਸ਼ਸ਼ੀ ਅਗਰਵਾਲ ਅਤੇ ਡਾ. ਸੰਤੋਸ਼ ਸ਼ਰਮਾ ਸਮੇਤ ਫੈਕਲਟੀ ਮੈਂਬਰਾਂ ਨੇ ਸਟਾਲਾਂ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਦੀ ਮਿਹਨਤ ਤੇ ਸਿਰਜਣਸ਼ਕਤੀ ਦੀ ਸ਼ਲਾਘਾ ਕੀਤੀ।ਵਿਦਿਆਰਥੀਆਂ ਨੇ ਵੱਖ-ਵੱਖ ਥੀਮਜ ਜਿਵੇਂ ਰਹਿੰਦ ਖੂੰਹਦ ਨੂੰ ਕਮਾਈ ਵਿੱਚ ਬਦਲਣਾ, ਗੋਲਗੱਪੇ ਕਾਰਨਰ, ਹਰਾ ਜੀਵਨ, ਸਿਹਤਮੰਦ ਮਲਟੀਗ੍ਰੇਨ ਆਟਾ ਅਤੇ ਸਮਾਰਟ ਕਿਡਜ਼ ਟੌਏ ਜ਼ੋਨ ਜਿਹੇ ਵਿਸ਼ੇ ਚੁਣੇ ਜੋ ਸਵੈਰੁਜ਼ਗਾਰ ਦੇ ਮੌਕਿਆਂ ਸਬੰਧੀ ਉਨ੍ਹਾਂ ਦੀ ਵਿਹਾਰਕ ਸਮਝ ਨੂੰ ਦਰਸਾਉਂਦੇ ਹਨ। ਇਸ ਮੌਕੇ ਡਾ. ਵਿਕਾਸ ਦੀਪ ਨੇ ਰਿਫਰੈਸ਼ਮੈਂਟਸ ਸਪਾਂਸਰ ਕੀਤੀਆਂ। ਪ੍ਰੋਗਰਾਮ ਦੀ ਸਮਾਪਤੀ ਇੱਕ ਕੇਕ ਕੱਟਣ ਦੀ ਰਸਮ ਨਾਲ ਹੋਈ, ਜਿਸ ਨਾਲ ਇੱਕ ਜਸ਼ਨ ਵਾਲਾ ਮਾਹੌਲ ਬਣਿਆ। ਸਭ ਨੇ ਵਿਦਿਆਰਥੀਆਂ ਵਿੱਚ ਇਸ ਤਰਾਂ ਦੀ ਉੱਦਮੀ ਤੇ ਕਾਰੋਬਾਰੀ ਸੋਚ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਪਹਿਲਕਦਮੀ ਦੀ ਸ਼ਲਾਘਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਲਦਸਤਾ ਕਲਚਰਲ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਮਦਰਜ਼ ਡੇ ਮਨਾਇਆ




**ਤਲਵੰਡੀ ਸਾਬੋ, 03 ਮਈ (ਗੁਰਜੰਟ ਸਿੰਘ ਨਥੇਹਾ)**- ਗੁਲਦਸਤਾ ਕਲਚਰਲ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਮਾਂ ਦਿਵਸ ਬੜੇ ਹੀ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਖਾਸ ਤੌਰ 'ਤੇ ਮਹਿਲਾਵਾਂ ਲਈ ਆਯੋਜਿਤ ਕੀਤਾ ਗਿਆ ਸੀ, ਜਿਸ ਦਾ ਮਕਸਦ ਉਨ੍ਹਾਂ ਦੀ ਭਲਾਈ ਅਤੇ ਸਸ਼ਕਤੀਕਰਨ ਸੀ। ਇਸ ਮੌਕੇ 'ਤੇ ਮਾਨਸਿਕ ਸਿਹਤ ਸੰਬੰਧੀ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਲਾਈਫ ਕੋਚ ਰੋਮੀ ਮਾਕਨ ਜੀ ਨੇ ਮਹਿਲਾਵਾਂ ਨੂੰ ਜੀਵਨ ਵਿੱਚ ਮਨੋਵਿਗਿਆਨਕ ਤਾਕਤ ਅਤੇ ਸਵੈ-ਸੰਭਾਲ ਬਾਰੇ ਜਾਗਰੂਕ ਕੀਤਾ। ਇਸ ਤੋਂ ਇਲਾਵਾ, ਮਿਸਿਜ਼ ਗੁਲਜ਼ਾਰ ਜੀ ਨੇ ਸਿਹਤਮੰਦ ਖੁਰਾਕ ਅਤੇ ਜੀਵਨ ਸ਼ੈਲੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ 51 ਮਹਿਲਾਵਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪਦਮਜੀਤ ਮਹਤਾ ਜੀ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਅਮ੍ਰਿਤ ਗਿੱਲ, ਬਰਾਊਨ ਕੁੜੀ, ਹੈਪੀ ਸਿੰਗਲਾ, ਪਰਵਿੰਦਰ ਕੌਰ, ਰਾਜਵੀਰ ਗਰੇਵਾਲ, ਬਾਹੀਆ ਕਪਲ ਅਤੇ ਮਨਪ੍ਰੀਤ ਕੌਰ ਨੇ ਵੀ ਆਪਣੀ ਹਾਜ਼ਰੀ ਲਗਵਾਈ। ਅੰਤ ਵਿੱਚ ਗੁਲਦਸਤਾ ਕਲਚਰਲ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਸਾਰੇ ਮਹਿਮਾਨਾਂ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਡੀ ਸੀ ਅਤੇ ਐਸ ਐਸ ਪੀ ਸੰਗਰੂਰ ਵੱਲੋਂ ਕਣਕ ਦੇ ਨਾੜ ਦੀ ਅੱਗ ਬੁਝਵਾਈ



**ਧੂਰੀ ( ਰਣਜੀਤ ਸਿੰਘ ਪੇਧਨੀ )**-ਕਣਕ ਦੇ ਨਾੜ ਨੂੰ ਲੱਗ ਰਹੀ ਅੱਗ ਨੂੰ ਰੋਕਣ ਲਈ ਜ਼ਿਲਾ ਪ੍ਰਸ਼ਾਸ਼ਨ ਅਤੇ ਖੇਤੀਬਾੜੀ ਵਿਭਾਗ ਪੱਬਾਂ ਭਾਰ ਹੈ। ਇਸਦੇ ਚਲਦਿਆਂ ਬਲਾਕ ਧੂਰੀ ਦੇ ਪਿੰਡ ਬੇਨੜਾ ਵਿਖੇ ਡੀ ਸੀ ਸੰਗਰੂਰ ਸ੍ਰੀ ਰਾਹੁਲ ਛਾਬਾ, ਐਸ ਐਸ ਪੀ ਸੰਗਰੂਰ ਸ੍ਰੀ ਸਰਤਾਜ ਸਿੰਘ ਚਾਹਲ, ਮੁੱਖ ਖੇਤੀਬਾੜੀ ਅਫ਼ਸਰ ਸੰਗਰੂਰ ਡਾ ਧਰਮਿੰਦਰਜੀਤ ਸਿੰਘ ਸਿੱਧੂ, ਖੇਤੀਬਾੜੀ ਅਫ਼ਸਰ ਸੰਗਰੂਰ ਡਾ ਅਮਰਜੀਤ ਸਿੰਘ, ਖੇਤੀਬਾੜੀ ਅਫ਼ਸਰ ਧੂਰੀ ਡਾ ਅਮਨਦੀਪ ਕੌਰ, ਖੇਤੀਬਾੜੀ ਵਿਕਾਸ ਅਫ਼ਸਰ ਡਾ ਹਰਪ੍ਰੀਤ ਸਿੰਘ ਅਤੇ ਖੇਤੀਬਾੜੀ ਵਿਕਾਸ ਅਫ਼ਸਰ ਡਾ ਸਮਨਦੀਪ ਸਿੰਘ ਵੱਲੋਂ ਮਿਲਕੇ ਕਣਕ ਦੇ ਨਾੜ ਨੂੰ ਲੱਗੀ ਅੱਗ ਬੁਝਾਈ ਗਈ। ਇਸਦੇ ਚਲਦਿਆਂ ਡੀ ਸੀ ਸਾਬ ਵੱਲੋਂ ਮੌਕੇ ਤੇ ਕਿਸਾਨ ਨੂੰ ਪ੍ਰਸ਼ਾਸਨਿਕ ਕਾਰਵਾਈਆਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਹੋਰ ਕਿਸਾਨਾਂ ਨੂੰ ਵੀ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਦੀ ਹਦਾਇਤ ਕੀਤੀ ਗਈ। ਖੇਤੀਬਾੜੀ ਵਿਭਾਗ ਵੱਲੋਂ ਵੀ ਕਿਸਾਨਾਂ ਨੂੰ ਇਹੀ ਅਪੀਲ ਕੀਤੀ ਗਈ ਕਿ ਇਸ ਮੌਕੇ ਖੇਤ ਤਿਆਰ ਕਰਨ ਲਈ ਲਗਭਗ ਡੇਡ ਤੋਂ ਦੋ ਮਹੀਨੇ ਦਾ ਸਮਾਂ ਹੁੰਦਾ ਹੈ ਅਤੇ ਹਰੀ ਖਾਦ ਦੀ ਬਿਜਾਈ ਕਰਕੇ ਉਸਨੂੰ ਖੇਤ ਵਿੱਚ ਮਿਲਾਇਆ ਜਾ ਸਕਦਾ ਹੈ। ਨਾਲ ਹੀ ਉਹਨਾਂ ਵੱਲੋਂ ਵੀ ਕਿਸਾਨਾਂ ਨੂੰ ਅੱਗ ਨਾ ਲਗਾ ਕੇ ਖੇਤ ਤਿਆਰ ਕਰਨ ਦੀ ਹਦਾਇਤ ਕੀਤੀ ਗਈ। ਇਸ ਮੌਕੇ ਨਰੇਸ਼ ਕੁਮਾਰ ਏ ਐਸ ਆਈ ਜਗਤਾਰ ਸਿੰਘ, ਜੁਗਰਾਜ ਸਿੰਘ ਬੇਲਦਾਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਜੈ ਇੰਦਰ ਸਿੰਗਲਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਨੌਜਵਾਨ ਕਾਂਗਰਸ 'ਚ ਸ਼ਾਮਲ

**ਸੰਗਰੂਰ 2 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਕਾਂਗਰਸ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਸੰਗਰੂਰ ਵਿਖੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਦੀ ਵਿਸ਼ੇਸ਼ ਮੁਹਿੰਮ ਤਹਿਤ ਕਈ ਜੋਸ਼ੀਲੇ ਨੌਜਵਾਨ ਕਾਂਗਰਸ ਵਿੱਚ ਸ਼ਾਮਲ ਹੋਏ। ਸੀਨੀਅਰ ਕਾਂਗਰਸੀ ਲੀਡਰ ਅਤੇ ਸਾਬਕਾ ਮੰਤਰੀ ਸ਼੍ਰੀ ਵਿਜੇ ਇੰਦਰ ਸਿੰਗਲਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਇਨ੍ਹਾਂ ਨੌਜਵਾਨਾਂ ਨੂੰ ਸਿਰੋਪਾਓ ਪਾ ਕੇ ਉਨ੍ਹਾਂ ਦਾ ਕਾਂਗਰਸ ਪਰਿਵਾਰ ਵਿੱਚ ਸਵਾਗਤ ਕੀਤਾ। ਇਸ ਮੌਕੇ ਬੋਲਦਿਆਂ ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਇਤਿਹਾਸ ਦੇਸ਼ ਦੀ ਤਰੱਕੀ, ਏਕਤਾ ਅਤੇ ਕੁਰਬਾਨੀਆਂ ਵਾਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇੱਕ ਅਜਿਹੀ ਪਾਰਟੀ ਹੈ ਜੋ ਹਰ ਵਰਗ ਨੂੰ ਨਾਲ ਲੈ ਕੇ ਚੱਲਦੀ ਹੈ ਅਤੇ ਜਿਸਦੀ ਨੀਤੀ ਹਮੇਸ਼ਾ ਲੋਕਾਂ ਦੀ ਭਲਾਈ ਕਰਨ ਦੀ ਰਹੀ ਹੈ। ਨਵੇਂ ਸ਼ਾਮਲ ਹੋਏ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਵਿਜੈ ਇੰਦਰ ਸਿੰਗਲਾ ਜੀ ਨੇ ਕਿਹਾ ਕਿ ਨੌਜਵਾਨ ਹੀ ਸਾਡੀ ਪਾਰਟੀ ਅਤੇ ਇਸ ਦੇਸ਼ ਦਾ ਅਸਲੀ ਭਵਿੱਖ ਹਨ। ਉਨ੍ਹਾਂ ਕਿਹਾ, "ਦੇਸ਼ ਅਤੇ ਸੂਬੇ ਦੀ ਵਾਗਡੋਰ ਆਉਣ ਵਾਲੇ ਸਮੇਂ ਵਿੱਚ ਨੌਜਵਾਨਾਂ ਦੇ ਹੱਥਾਂ ਵਿੱਚ ਹੀ ਹੋਣੀ ਹੈ। ਤੁਹਾਡੀ ਊਰਜਾ, ਨਵੀਂ ਸੋਚ ਅਤੇ ਜੋਸ਼ ਕਾਂਗਰਸ ਪਾਰਟੀ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਵੇਗੀ।" ਵਿਜੈ ਇੰਦਰ ਸਿੰਗਲਾ ਜੀ ਨੇ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਧਰਮ ਨਿਰਪੱਖ ਅਤੇ ਲੋਕ-ਪੱਖੀ ਵਿਚਾਰਧਾਰਾ 'ਤੇ ਪਹਿਰਾ ਦੇਣ ਅਤੇ ਇਸ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਸਖ਼ਤ ਮਿਹਨਤ ਕਰਨ।

### ਆਮ ਆਦਮੀ ਪਾਰਟੀ ਦੁਆਰਾ ਮਜੀਠੇ ਹਲਕੇ ਵਿੱਚ ਕੀਤੇ ਜਾ ਰਹੇ ਕੰਮ ਬੋਲ ਰਹੇ : ਤਲਬੀਰ ਸਿੰਘ ਗਿੱਲ

# ਤਰਸੇਮ ਸਿੰਘ ਦੇ ਗ੍ਰਹਿ ਵਿਖੇ ਬਾਠ ਪਰਿਵਾਰ ਨਾਲ ਕੀਤੀ ਮੀਟਿੰਗ



**ਚੌਕ ਮਹਿਤਾ, 3 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਜੀਠਾ ਵਿਧਾਨ ਸਭਾ ਹਲਕਾ ਜਿਸ ਨੂੰ ਕਿ ਪਿਛਲੀਆਂ ਸਰਕਾਰਾਂ ਨੇ ਵਿਕਾਸ ਪੱਖ ਤੋਂ ਫਾਡੀ ਰੱਖਿਆ ਸੀ ਦਾ ਵਿਕਾਸ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜੰਗੀ ਪੱਧਰ ਤੇ ਚੱਲ ਰਿਹਾ ਹੈ ਅਤੇ ਅੱਜ ਜਿਸ ਪਾਸੇ ਵੀ ਜਾ ਕੇ ਵੇਖੋ ਮਜੀਠਾ ਹਲਕੇ ਵਿੱਚ ਆਪ ਸਰਕਾਰ ਵੱਲੋਂ ਕੀਤੇ ਹੋਏ ਕੰਮ ਬੋਲ ਰਹੇ ਹਨ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਅੱਜ ਪਿੰਡ ਸਾਧਪੁਰ ਵਿਖੇ ਤਰਸੇਮ ਸਿੰਘ ਬਾਠ ਪੱਤਰਕਾਰ ਦੇ ਗ੍ਰਹਿ ਵਿਖੇ ਪਿੰਡ ਵਾਸੀਆਂ ਨਾਲ ਪਿੰਡ ਦੇ ਵਿਕਾਸ ਕੰਮਾਂ ਦਾ ਵਿਚਾਰ ਵਟਾਂਦਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ,

ਆਵਾਜ਼ਿ ਕੌਮ AWAZE QAUM International Newspaper & WEB TV

ਤਲਬੀਰ ਸਿੰਘ ਗਿੱਲ ਨੇ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਪ ਸਰਕਾਰ ਨੇ

ਬਿਜਲੀ ਦੇ ਹਰ ਪਰਿਵਾਰ ਨੂੰ 600 ਯੂਨਿਟ ਮੁਆਫ ਕਰਨ ਨਾਲ 90 ਪ੍ਰਤੀਸਤ ਲੋਕਾਂ ਦਾ ਬਿਜਲੀ ਦਾ ਬਿਲ ਜੀਰੋ ਆ ਰਿਹਾ ਹੈ ਇਸੇ ਹੀ ਤਰ੍ਹਾਂ ਕਿਸਾਨਾਂ ਨੂੰ ਬਿਜਲੀ ਰਾਤ ਦੀ ਬਜਾਏ ਦਿਨ ਦੇ ਟਾਈਮ , 10 ਲੱਖ ਦਾ ਹੈਲਥ ਕਾਰਡ ਹਰ ਪਰਿਵਰ ਲਈ, ਮੁੱਖ ਮੰਤਰੀ ਮਾਵਾਂ, ਧੀਆਂ ਸਤਿਕਾਰ ਯੋਜਨਾ ਜਿਸ ਦੇ ਤਹਿਤ 1000 / 1500 ਦੀ ਸਕੀਮ 18 ਸਾਲ ਤੇ ਉੱਪਰ ਹਰ ਮਹਿਲਾ ਲਈ ਸ਼ੁਰੂ ਕੀਤੀ ਗਈ ਹੈ ਜਿਸ ਦੀ ਰਜਿਸਟਰੇਸ਼ਨ ਚੱਲ ਰਹੀ ਹੈ ਉਹਨਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਦੇ ਤਹਿਤ ਹਰ ਪਿੰਡ ਲਈ ਫ੍ਰੀ ਬੱਸਾਂ ਚਲਾਈਆਂ ਜਾ ਰਹੀਆਂ ਹਨ , 328 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਜੋ ਸ਼੍ਰੋਮਣੀ ਕਮੇਟੀ ਨੇ ਗਾਇਬ ਕੀਤਾ. ਓਹਨਾਂ ਦੇ ਖਿਲਾਫ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਚਾ ਦਰਜ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਦੇ ਖਿਲਾਫ ਮਾਨ ਬਹੁਤ ਹੀ ਅਹਿਮ ਕਾਨੂੰਨ ਲਾਗੂ ਕੀਤਾ ਨਾਲ ਹੀ ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਪਾਰਟੀ ਕੋਲ ਪੰਜਾਬ ਦੇ 117 ਹਲਕਿਆਂ ਵਿੱਚੋਂ ਇੱਕੋ ਵਿਧਾਇਕ ਮਜੀਠੇ ਹਲਕੇ ਤੋਂ ਸੀ,ਜਿਸ ਦਿਨ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਨੂੰਨ ਬਣਨਾ ਸੀ। ਉਸ ਦਿਨ ਮਜੀਠੇ ਹਲਕੇ ਦੇ ਵਿਧਾਇਕ ਬਿੱਲ ਉਤੇ ਸਾਈਨ ਕਰਨ ਲਈ ਵਿਧਾਨ ਸਭਾ ਹੀ ਨਹੀਂ ਗਏ,

ਮਜੀਠਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮਜੀਠੇ ਹਲਕੇ ਦੀਆਂ ਸੜਕਾਂ ਦਾ ਕੰਮ 125 ਕਰੋੜ ਦੀ ਲਾਗਤ ਨਾਲ ਚੱਲ ਰਿਹਾ ਹੈ। ਪਿੰਡਾਂ ਨੂੰ ਆਪਸ ਵਿੱਚ ਜੋੜਨ ਲਈ ਲਿੰਕ ਰੋੜਾਂ ਦਾ ਕੰਮ ਚੱਲ ਰਿਹਾ ਹੈ। ਨਹਿਰੀ ਪਾਣੀ ਦੇ ਸੂਏ ਜਿਨਾਂ ਨੂੰ ਪੱਕੇ ਕਰਨ ਦਾ ਕੰਮ ਚੱਲ ਰਿਹਾ ਹੈ। ਨੌਜਵਾਨ ਦੇ ਖੇਡਣ ਲਈ ਪਿੰਡਾਂ ਵਿੱਚ 30 ਨਵੀਆਂ ਗਰਾਉਂਡਾ ਦਾ ਕੰਮ ਚੱਲ ਰਿਹਾ ਹੈ ਤਲਬੀਰ ਸਿੰਘ ਗਿੱਲ ਨੇ ਵਿਸ਼ਵਾਸ ਦਵਾਇਆ ਕਿ ਜੋ ਮੰਗਾਂ ਮੇਰੇ ਕੋਲ ਸਾਧਪੁਰ ਨਾਲ ਸੰਬੰਧਿਤ ਰੱਖੀਏ ਗਈਆਂ ਹਨ ਉਹ ਜਲਦ ਹੀ ਪੂਰੀਆਂ ਕੀਤੀਆਂ ਜਾਣਗੀਆਂ,

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸਿਕੰਦਰ ਸਿੰਘ ਖਿੱਦੋਵਾਲੀ, ਸਰਪੰਚ ਪ੍ਰੇਮ ਸਿੰਘ ਤਰਫਾਨ, ਸਰਪੰਚ ਪਰਮਿੰਦਰ ਸਿੰਘ ਰਮਾਣਾ ਚੱਕ, ਮਲਕੀਤ ਸਿੰਘ ਬੀਡੀਓ ਭੋਏ, ਗੁਰਮੇਜ ਸਿੰਘ ਬਾਠ, ਸਰਵਣ ਸਿੰਘ ਦੋਧੀ, ਮੰਗਲ ਸਿੰਘ ਵਪਾਰੀ, ਨਿਰਮਲ ਸਿੰਘ ਬੱਗਾ, ਸੇਵਾ ਸਿੰਘ , ਮੇਵਾ ਸਿੰਘ, ਮੇਹਰ ਸਿੰਘ ਬਾਠ, ਗੁਰਪ੍ਰੀਤ ਸਿੰਘ ਰਾਜਾ, ਲਵਪ੍ਰੀਤ ਸਿੰਘ ਲਵ , ਜਗਜੀਤ ਸਿੰਘ ਮੱਲੀ, ਜੋਬਨਜੀਤ ਸਿੰਘ ਬਾਠ, ਹਰਮਨ ਸੰਧੂ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਬਲਾਕ ਪ੍ਰਧਾਨ ਤਰਵਿੰਦਰ ਸਿੰਘ ਸਾਧਪੁਰ, ਬਲਵਿੰਦਰ ਸਿੰਘ ਬਿੱਲਾ ਚੁਗਾਵਾਂ, ਸਤਨਾਮ ਸਿੰਘ, ਜਗਦੀਪ ਸਿੰਘ ਸਾਧਪੁਰ, ਹਰਦੀਪ ਸਿੰਘ ਫੌਜੀ ਵੀ ਹਾਜ਼ਰ ਸਨ, ਬਾਠ ਪਰਿਵਾਰ ਵੱਲੋਂ ਗੁਰਮੇਜ ਸਿੰਘ ਨੇ ਵਿਸ਼ਵਾਸ ਦਵਾਇਆ ਕਿ ਉਹ ਤਲਬੀਰ ਸਿੰਘ ਗਿੱਲ ਦੀ ਹਰ ਪੱਖ ਤੋਂ ਮਦਦ ਕਰਨਗੇ।

### 'ਆਪ' ਦੀ ਟਰੇਡ ਵਿੰਗ ਵਲੋਂ ਗੈਸ ਸਿਲੰਡਰਾਂ ਦੀਆਂ ਕੀਮਤਾਂ 'ਚ ਵਾਧੇ ਵਿੱਚ ਫਾਇਰ ਬ੍ਰਿਗੇਡ ਵਿਖੇ ਰੋਸ਼ ਪ੍ਰਦਰਸ਼ਨ

# ਕੇਂਦਰ ਦੀ ਮੋਦੀ ਸਰਕਾਰ 'ਤੇ ਵਰ੍ਹਦਿਆਂ ਤਿੱਖੇ ਨਿਸ਼ਾਨੇ ਸਾਧੇ ਗਏ




**ਬਠਿੰਡਾ, 3 ਮਈ (ਗੁਰਜੰਟ ਸਿੰਘ ਨਥੇਹਾ)**- ਆਮ ਆਦਮੀ ਪਾਰਟੀ ਦੀ ਟਰੇਡ ਵਿੰਗ ਵਲੋਂ ਅੱਜ ਬਠਿੰਡਾ ਦੇ ਫਾਇਰ ਬ੍ਰਿਗੇਡ ਚੌਂਕ ਮੋਦੀ ਸਰਕਾਰ ਵੱਲੋਂ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਕੀਤੇ ਬੇਹਿਸਾਬ ਵਾਧੇ ਦੇ ਵਿਰੋਧ ਵਿੱਚ ਧਰਨਾ ਪ੍ਰਦਰਸ਼ਨ ਕਰਦਿਆਂ ਭਾਜਪਾ 'ਤੇ ਤਿੱਖੇ ਨਿਸ਼ਾਨੇ ਸਾਧੇ ਗਏ।ਇਸ ਮੌਕੇ ਟਰੇਡ ਵਿੰਗ ਦੇ ਚੇਅਰਮੈਨ ਸ੍ਰੀ ਅਨੀਲ ਠਾਕੁਰ, ਸਟੇਟ ਸੈਕਟਰੀ ਡਾ. ਤਰਸੇਮ ਗਰਗ, ਮਿਡੀਅਮ ਇੰਡਸਟਰੀ ਤੋਂ ਚੇਅਰਮੈਨ ਸ੍ਰੀ ਨੀਲ ਗਰਗ, ਲੋਕ ਸਭਾ ਇੰਚਾਰਜ ਸ੍ਰੀ ਨਵਦੀਪ ਸਿੰਘ ਜੀੜਾ, ਚੇਅਰਮੈਨ ਸ੍ਰੀ ਰਾਕੇਸ਼ ਪੁਰੀ, ਚੇਅਰਮੈਨ ਸ੍ਰੀ ਗੁਰਜੰਟ ਸਿਵੀਆਂ, ਬਠਿੰਡਾ ਅਰਬਨ ਤੋਂ ਸ੍ਰੀ ਰਾਕੇਸ਼ ਗੁਪਤਾ, ਬਠਿੰਡਾ ਦੇਹਾਤੀ ਤੋਂ ਸ੍ਰੀ ਨਰੇਸ਼ ਗੋਇਲ, ਬੁੱਚੋ ਮੰਡੀ ਤੋਂ ਸ੍ਰੀ ਦਰਸ਼ਨ ਕੁਮਾਰ, ਰਾਮਪੁਰਾ ਫੂਲ ਤੋਂ ਸ੍ਰੀ ਵਿਕਰਮਜੀਤ ਸਿੰਘਲਾ, ਮੌੜ ਮੰਡੀ ਤੋਂ ਸ੍ਰੀ ਰੋਹਿਤ ਅਤੇ ਸ੍ਰੀ ਹਰਮੰਦਰ ਸਿੰਘ ਅਤੇ ਚੇਅਰਮੈਨ ਸੁਰਿੰਦਰ ਬਿੱਟੂ ਦੇ ਨਾਲ ਨਾਲ ਹੋਰ ਸਾਰੇ ਵਿੰਗਾਂ ਦੇ ਪ੍ਰਧਾਨ ਅਤੇ ਵਲੰਟੀਅਰ ਵੀ ਮੌਜੂਦ ਰਹੇ। ਉਨ੍ਹਾਂ ਇੱਕ ਸੁਰ ਵਿੱਚ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਮ ਆਦਮੀ ਲਈ ਲਾਚਾਰ ਅਤੇ ਰਸੋਈ ਲਈ ਗੁਨਾਹਗਾਰ ਸਿੱਧ ਹੋਈ ਹੈ।ਕਾਬਿਲੇਗੌਰ ਹੈ ਕਿ ਵਪਾਰਕ ਐੱਲਪੀਜੀ ਸਿਲੰਡਰ ਹੁਣ 993 ਰੁਪਏ ਮਹਿੰਗਾ ਹੋ ਗਿਆ ਹੈ। ਪੱਛਮੀ ਏਸ਼ੀਆ ਸੰਕਟ ਕਰ ਕੇ ਆਲਮੀ ਪੱਧਰ 'ਤੇ ਊਰਜਾ ਕੀਮਤਾਂ ਵਿੱਚ ਉਛਾਲ ਨਾਲ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਤੇ ਲਗਾਤਾਰ ਤੀਜਾ ਮਾਸਿਕ ਵਾਧਾ ਹੈ। 19 ਕਿਲੋ ਵਜ਼ਨੀ ਵਪਾਰਕ ਐੱਲ ਪੀ ਜੀ ਸਿਲੰਡਰ ਆਮ ਕਰ ਕੇ ਹੋਟਲਾਂ ਤੇ ਰੈਸਟੋਰੈਂਟਾਂ 'ਚ ਵਰਤਿਆ ਜਾਂਦਾ ਹੈ। ਇਸ ਤੋਂ ਪਹਿਲਾਂ ਕੀਮਤਾਂ ਵਿੱਚ ਪਹਿਲੀ ਅਪਰੈਲ ਨੂੰ 195.50 ਰੁਪਏ ਪ੍ਰਤੀ ਸਿਲੰਡਰ ਤੇ ਪਹਿਲੀ ਮਾਰਚ ਨੂੰ 114.5 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਹੋਇਆ ਸੀ। ਇਨ੍ਹਾਂ ਤਿੰਨ ਵਾਧਿਆਂ ਨਾਲ ਕੁੱਲ ਮਿਲਾ ਕੇ ਕਮਰਸ਼ੀਅਲ ਐੱਲਪੀਜੀ ਦੀਆਂ ਦਰਾਂ 'ਚ 1303 ਰੁਪਏ ਦਾ ਇਜ਼ਾਫ਼ਾ ਹੋਇਆ ਹੈ। ਉਂਝ ਘਰੇਲੂ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਗਿਆ। ਸੱਤ ਮਾਰਚ ਨੂੰ 14.2 ਕਿਲੋ ਵਜ਼ਨੀ ਸਿਲੰਡਰ ਦੀਆਂ ਦਰਾਂ 'ਚ 60 ਰੁਪਏ ਦਾ ਵਾਧਾ ਹੋਇਆ ਸੀ। ਦਿੱਲੀ ਵਿੱਚ ਘਰੇਲੂ ਐੱਲਪੀਜੀ ਸਿਲੰਡਰ 913 ਰੁਪਏ ਨੂੰ ਪੈਂਦਾ ਹੈ।ਸਰਕਾਰੀ ਮਾਲਕੀ ਵਾਲੀਆਂ ਤੇਲ ਕੰਪਨੀਆਂ ਇੰਡੀਅਨ ਆਇਲ ਕਾਰਪੋਰੇਸ਼ਨ (ਆਈਓਸੀ), ਭਾਰਤ ਪੈਟਰੋਲੀਅਮ ਤੇ ਹਿੰਦੁਸਤਾਨ ਪੈਟਰੋਲੀਅਮ ਹਰੇਕ ਮਹੀਨੇ ਦੀ ਪਹਿਲੀ ਤਰੀਕ ਨੂੰ ਕੌਮਾਂਤਰੀ ਬੈਂਚਮਾਰਕ ਤੇ ਐਕਸਚੇਂਜ ਦਰਾਂ ਦੇ ਆਧਾਰ ਉੱਤੇ ਏਟੀਐੱਫ ਤੇ ਐੱਲਪੀਜੀ ਕੀਮਤਾਂ 'ਤੇ ਨਜ਼ਰਸਾਨੀ ਕਰਦੀਆਂ ਹਨ। ਪੱਛਮੀ ਏਸ਼ੀਆ ਜੰਗ ਕਰ ਕੇ ਊਰਜਾ ਸਪਲਾਈ ਚੇਨਾਂ ਵਿੱਚ ਅੜਿੱਕੇ ਆਉਣ ਕਾਰਨ ਆਲਮੀ ਪੱਧਰ 'ਤੇ ਤੇਲ ਕੀਮਤਾਂ ਕਰੀਬ 50 ਫ਼ੀਸਦ ਸ਼ੂਟ ਵਟ ਗਈਆਂ ਹਨ।'ਆਪ' ਆਗੂਆਂ ਨੇ ਭਾਰਤੀ ਜਨਤਾ ਪਾਰਟੀ ਨੇ ਘੇਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਚੋਣਾਂ ਮੌਕੇ ਹੀ ਆਮ ਭਾਰਤੀਆਂ ਨੂੰ ਦਰਪੇਸ਼ ਦੁੱਖ ਤਕਲੀਫ਼ਾਂ ਦੀ ਫ਼ਿਕਰ ਹੁੰਦੀ ਹੈ ਤੇ ਮਗਰੋਂ ਉਨ੍ਹਾਂ ਨੂੰ ਆਪਣੇ ਹਾਲ ਉੱਤੇ ਛੱਡ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਰਾਨ ਜੰਗ ਲੱਗੇ ਨੂੰ ਤਿੰਨ ਮਹੀਨੇ ਹੋ ਚੁੱਕੇ ਹਨ ਅਤੇ ਸਰਕਾਰ ਨੂੰ ਵਿੱਤੀ ਬੋਝ ਆਮ ਲੋਕਾਂ ਉੱਤੇ ਪਾਉਣ ਦੀ ਥਾਂ ਉਨ੍ਹਾਂ ਨੂੰ ਬਚਾਉਣ ਲਈ ਕੋਈ ਠੋਸ ਯੋਜਨਾ ਤਿਆਰ ਕਰਨੀ ਚਾਹੀਦੀ ਸੀ ਜਦਕਿ ਕਿ ਸਿਲੰਡਰਾਂ ਦੀ ਕੀਮਤ ਵਿੱਚ ਭਾਰੀ ਇਜਾਫਾ ਕਰਕੇ ਲੋਕਾਂ ਦੀ ਹੋਰ ਕਮਰ ਤੋੜ ਦਿੱਤੀ ਹੈ।

# ਆਈ ਟੀ ਆਈ ਇੰਪਲਾਈਜ ਯੂਨੀਅਨ

## ਕਾਂਝਲਾ ਰੰਗੀਆਂ ਦੀ ਮਹੀਨਾਵਾਰ ਮੀਟਿੰਗ ਹੋਈ



**ਧੂਰੀ (ਰਣਜੀਤ ਸਿੰਘ ਪੇਧਨੀ)**-ਆਈਟੀਆਈ ਇੰਪਲਾਈਜ ਯੂਨੀਅਨ ਕਾਂਝਲਾ ਅਤੇ ਰੰਗੀਆਂ ਦੀ ਮਹੀਨਾਵਾਰ ਮੀਟਿੰਗ ਸੰਦੀਪ ਸਿੰਘ ਲੱਡਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸਟੇਟ ਆਗੂ ਨਪਿੰਦਰ ਸਿੰਘ ਕਾਂਝਲਾ ਅਤੇ ਦਵਿੰਦਰ ਸਿੰਘ ਪੁੰਨਾਵਾਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਜਥੇਬੰਦੀ ਦੀਆਂ ਗਤੀਵਿਧੀਆਂ ਨੂੰ ਦੇਖਦਿਆਂ ਹੋਇਆ ਜਥੇਬੰਦੀ ਵਿੱਚ ਸ਼ਾਮਿਲ ਹੋਏ ਨਵੇਂ ਆਗੂਆਂ ਵਿੱਚ ਜੇ ਈ ਮਨਪ੍ਰੀਤ ਸਿੰਘ, ਏਐਸਐਸ ਮਨਦੀਪ ਕੌਰ ਕਲਰਕ ਅਤੇ ਗੁਲਾਬ ਕੌਰ ਨੂੰ ਆਈਟੀਆਈ ਇੰਪਲਾਈਜ ਯੂਨੀਅਨ ਦੀ ਮੈਂਬਰਸ਼ਿਪ ਦੇ ਕੇ ਮੈਂਬਰ ਬਣਾਇਆ ਗਿਆ। ਸ਼ਾਮਿਲ ਹੋਣ ਤੇ ਉਹਨਾ ਨੂੰ ਸਨਮਾਨ ਵਜੋਂ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਤੇਜ ਸਿੰਘ ਹਸਨਪੁਰ, ਸੁਖਵੀਰ ਸਿੰਘ, ਤਰਸੇਮ ਸਿੰਘ, ਅਮਨਦੀਪ ਸਿੰਘ, ਜਸਪ੍ਰੀਤ ਸਿੰਘ ਬਲਵੰਤ ਸਿੰਘ ਹਾਜਰ ਸਨ।

# ਧੂਰੀ ਹਲਕੇ ਦੇ ਆਗੂ ਵੱਖ-ਵੱਖ ਪਾਰਟੀਆਂ ਛੱਡ ਕੇ ਬੀਜੇਪੀ 'ਚ ਹੋਏ ਸ਼ਾਮਿਲ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਾਰਤੀ ਜਨਤਾ ਪਾਰਟੀ ਜ਼ਿਲਾ ਸੰਗਰੂਰ 1 ਦੇ ਪ੍ਰਧਾਨ ਸਰਜੀਵਨ ਜਿੰਦਲ ਅਤੇ ਭਾਜਪਾ ਆਗੂ ਉੱਘੇ ਸਮਾਜ ਸੇਵੀ ਪ੍ਰੋ. ਓਂਕਾਰ ਸਿੰਘ ਸਿੱਧੂ ਦੀ ਅਗਵਾਈ ਹੇਠ ਆਪ ਆਗੂ ਪਰਮਜੀਤ ਸਿੰਘ ਭਿੰਦੀ , ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਸਰਪੰਚ ਅਮਨਦੀਪ ਸਿੰਘ ਕਾਂਝਲਾ ਪੁੱਤਰ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਗੋਬਿੰਦ ਸਿੰਘ ਕਾਂਝਲਾ, ਆੜਤੀਆ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਸੀਸ਼ਣਪਾਲ ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਦੇ ਵਿੱਚ ਭਾਜਪਾ ਦੇ ਵਿੱਚ ਸ਼ਾਮਿਲ ਹੋਏ। ਇਸ ਮੌਕੇ ਪ੍ਰਦੀਪ ਗਰਗ ਜਿਲਾ ਜਰਨਲ ਸਕੱਤਰ, ਸਤਨਾਮ ਸਿੰਘ ਆਈਟੀ ਇੰਚਾਰਜ ਸੰਗਰੂਰ ਲੋਕ ਸਭਾ, ਅਸੀਸ ਗਰਗ ਮੰਡਲ ਪ੍ਰਧਾਨ ਧੂਰੀ, ਨਰਪਿੰਦਰ ਗੋਰਾ ਐਮਸੀ ਹਾਜ਼ਰ ਸਨ।

# ਭਾਗੀਵਾਂਦਰ 'ਚ ਰਿਲਾਇੰਸ ਜੀਓ ਮੋਬਾਇਲ ਟਾਵਰ ਦੇ ਜਨਰੇਟਰ ਨੂੰ ਲੱਗੀ ਅੱਗ, ਵੱਡਾ ਹਾਦਸਾ ਟਲਿਆ



**ਤਲਵੰਡੀ ਸਾਬੋ, 3 ਮਈ (ਗੁਰਜੰਟ ਸਿੰਘ ਨਥੇਹਾ)**- ਤਲਵੰਡੀ ਸਾਬੋ ਦੇ ਨੇੜਲੇ ਪਿੰਡ ਭਾਗੀਵਾਂਦਰ ਵਿੱਚ ਅੱਜ ਰਿਲਾਇੰਸ ਜੀਓ ਮੋਬਾਇਲ ਟਾਵਰ ਦੇ ਜਨਰੇਟਰ ਨੂੰ ਅਚਾਨਕ ਅੱਗ ਲੱਗ ਗਈ, ਜਿਸ ਨਾਲ ਇਲਾਕੇ ਵਿੱਚ ਹੜਕੰਪ ਮਚ ਗਿਆ। ਅੱਗ ਦੌਰਾਨ ਹੋਏ ਵੱਡੇ-ਵੱਡੇ ਧਮਾਕਿਆਂ ਦੀਆਂ ਆਵਾਜ਼ਾਂ ਗੁਆਂਢੀਆਂ ਨੂੰ ਸੁਣਾਈ ਦਿੱਤੀਆਂ, ਜਿਸ ਨਾਲ ਲੋਕ ਡਰ ਦੇ ਮਾਹੌਲ ਵਿੱਚ ਆ ਗਏ। ਗੁਆਂਢੀਆਂ ਨੇ ਦੱਸਿਆ ਕਿ ਅੱਗ ਲੱਗਣ ਤੋਂ ਬਾਅਦ ਉਨ੍ਹਾਂ ਵੱਲੋਂ ਟਾਵਰ ਅਧਿਕਾਰੀਆਂ ਨੂੰ ਬਾਰ-ਬਾਰ ਫੋਨ ਕੀਤੇ ਗਏ, ਪਰ ਉਹ ਕਾਫੀ ਦੇਰੀ ਨਾਲ ਮੌਕੇ 'ਤੇ ਪਹੁੰਚੇ। ਲੋਕਾਂ ਨੇ ਇਸਨੂੰ ਗੰਭੀਰ ਲਾਪਰਵਾਹੀ ਕਰਾਰ ਦਿੱਤਾ।ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਅੱਗ 'ਤੇ ਕਾਬੂ ਪਾਇਆ। ਜੇਕਰ ਸਮੇਂ ਸਿਰ ਅੱਗ 'ਤੇ ਕਾਬੂ ਨਾ ਪਾਇਆ ਜਾਂਦਾ ਤਾਂ ਨੇੜਲੇ ਘਰਾਂ ਨੂੰ ਵੀ ਵੱਡਾ ਨੁਕਸਾਨ ਹੋ ਸਕਦਾ ਸੀ। ਜਦੋਂ ਟਾਵਰ ਅਧਿਕਾਰੀਆਂ ਨਾਲ ਇਸ ਮਾਮਲੇ ਸਬੰਧੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਇਸ ਬਾਰੇ ਕੁਝ ਵੀ ਕਹਿਣਾ ਜ਼ਰੂਰੀ ਨਹੀਂ ਸਮਝਿਆ। ਇਲਾਕਾ ਵਾਸੀਆਂ ਨੇ ਦੱਸਿਆ ਕਿ ਮੋਬਾਇਲ ਟਾਵਰ ਰਿਹਾਇਸ਼ੀ ਘਰਾਂ ਦੇ ਬਹੁਤ ਨੇੜੇ ਲੱਗਿਆ ਹੋਇਆ ਹੈ, ਜਿਸ ਨਾਲ ਹਮੇਸ਼ਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਭਵਿੱਖ ਵਿੱਚ ਐਸੇ ਟਾਵਰ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਲਗਾਏ ਜਾਣ ਤਾਂ ਜੋ ਕਿਸੇ ਵੀ ਵੱਡੇ ਹਾਦਸੇ ਤੋਂ ਬਚਿਆ ਜਾ ਸਕੇ।

ਅੱਜ ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਗੁਰਦੁਆਰਾ ਸ਼ਹੀਦ ਗੰਜ ਵਿਖੇ 40 ਮੁਕਤਿਆਂ ਦਾ ਸ਼ਹੀਦੀ ਦਿਵਸ



**ਗੁਰਦੁਆਰਾ** ਸ਼ਹੀਦ ਗੰਜ ਸਾਹਿਬ, ਸ਼੍ਰੀ ਦਰਬਾਰ ਸਾਹਿਬ (ਗੁਰਦੁਆਰਾ ਟੁੱਟੀ ਗੰਢੀ ਸਾਹਿਬ) ਸ਼੍ਰੀ ਮੁਕਤਸਰ ਸਾਹਿਬ ਦੇ ਪਿੱਛੇ ਲਹਿੰਦੇ ਪਾਸੇ ਵੱਲ ਹੈ। ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਚਿਖਾ (ਅੰਗੀਠਾ) ਤਿਆਰ ਕਰਕੇ 40 ਮੁਕਤੇ ਅਤੇ ਹੋਰ ਸ਼ਹੀਦ ਸਿੰਘਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਸੀ। 40 ਮੁਕਤਿਆਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1, 2 ਅਤੇ 3 ਮਈ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ।

ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਈ: ਵਿੱਚ ਅਨੰਦਪੁਰ ਸਾਹਿਬ ਵਿੱਚ ਕਿਲਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ। ਦੁਸ਼ਮਣ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਅੰਦਰ ਨਾ ਜਾਣ ਦਿੱਤਾ, ਕਿਉਂਕਿ ਉਹਨਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ। ਜਦੋਂ ਕਾਫ਼ੀ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਰਿਹਾ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ, ਪਰ ਸਿੰਘਾਂ ਨੇ ਉੱਤਰ ਦਿੱਤਾ, "ਅਸੀਂ ਲੜਦੇ ਹੋਏ ਸ਼ਹੀਦ ਹੋ ਸਕਦੇ ਹਾਂ ਪਰ ਭੁੱਖੇ ਮਰਨ ਲਈ ਤਿਆਰ ਨਹੀਂ।" ਸਿੰਘ ਜਦ ਆਪਣੀ ਜ਼ਿੱਦ ਤੇ ਅੜੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਜੇਕਰ ਤੁਸੀਂ ਜਾਣਾ ਹੈ ਤਾਂ ਜਾਉ ਪਰ ਇਹ ਲਿਖ ਕੇ ਦੇ ਜਾਉ "ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਅਤੇ ਅਸੀਂ ਉਸ ਦੇ ਸਿੱਖ ਨਹੀਂ।" ਭਾਈ ਮਹਾਂ ਸਿੰਘ ਜੀ ਦੀ ਅਗਵਾਈ ਵਿੱਚ 40 ਸਿੰਘ ਗੁਰੂ ਜੀ ਨੂੰ 'ਅਸੀਂ ਤੁਹਾਡੇ ਸਿੱਖ ਨਹੀਂ,' ਤੁਸੀਂ ਸਾਡੇ ਗੁਰੂ ਨਹੀਂ' ਬੇਦਾਵਾ ਲਿਖ ਕੇ ਦੇਣ ਉਪਰੰਤ ਘਰਾਂ ਨੂੰ ਵਾਪਸ ਆ ਗਏ।

ਗੁਰੂ ਜੀ ਨੇ ਮੁਗ਼ਲਾਂ ਦੇ ਵਿਸ਼ਵਾਸ ਦੇਣ 'ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਕਿ ਸਾਡੀ ਫ਼ੌਜ ਵਾਪਸ ਚਲੀ ਜਾਵੇਗੀ। ਪਰ ਇਹ ਉਹਨਾਂ ਦੀ ਇੱਕ ਚਾਲ ਸੀ। ਗੁਰੂ ਜੀ ਸਰਸਾ ਨਦੀ ਪਾਰ ਕਰਕੇ ਚਮਕੌਰ ਸਾਹਿਬ ਪੁੱਜੇ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੋ ਗੰਗੂ ਰਸੋਈਏ ਨਾਲ ਸਨ, ਗੁਰੂ ਸਾਹਿਬ ਤੋਂ ਵਿੱਛੜ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੇ ਨਾਲ ਸਨ। ਮੁਗ਼ਲ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਚਮਕੌਰ ਸਾਹਿਬ ਵਿਖੇ ਬਹੁਤ ਭਾਰੀ ਯੁੱਧ ਹੋਇਆ। ਜਿੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਮੁਗਲ ਫ਼ੌਜਾਂ ਨਾਲ ਜੂਝਦੇ ਹੋਏ ਜੰਗ ਵਿੱਚ ਸ਼ਹੀਦ ਹੋ ਗਏ।

ਗੁਰੂ ਜੀ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਦੀਨਾ ਕਾਂਗੜ, ਭਾਈ ਭਗਤਾ, ਵਾਂਦਰ, ਬਰਗਾੜੀ, ਸਰਾਵਾਂ, ਜੈਤੋ, ਮਲੂਕਾ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕੋਟਕਪੂਰਾ ਪੁੱਜੇ। ਕੋਟਕਪੂਰੇ ਦੇ ਚੌਧਰੀ (ਨਵਾਬ) ਕਪੂਰ ਸਿੰਘ ਤੋਂ ਗੁਰੂ ਜੀ ਨੇ ਕਿਲ੍ਹਾ ਮੰਗਿਆ। ਚੌਧਰੀ ਨੇ ਗੁਰੂ ਜੀ ਦੀ ਬਹੁਤ ਸੇਵਾ ਤੇ ਸਤਿਕਾਰ ਕੀਤਾ ਪਰ ਕਿਲ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਗੁਰੂ ਸਾਹਿਬ ਸਿੱਖ ਯੋਧਿਆਂ ਸਮੇਤ ਖਿਦਰਾਣੇ ਦੀ ਢਾਬ ਵੱਲ ਚੱਲ ਪਏ।

ਦੂਜੇ ਪਾਸੇ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ 40 ਸਿੰਘ ਜਦ ਆਪਣੇ ਘਰਾਂ ਨੂੰ ਚਲੇ ਗਏ ਅਤੇ ਘਰ ਜਾ ਕੇ ਸਾਰਾ ਹਾਲ ਸੁਣਾਇਆ ਤਾਂ ਉਹਨਾਂ ਦੀਆਂ ਪਤਨੀਆਂ, ਭੈਣਾਂ, ਮਾਵਾਂ ਤੇ ਰਿਸ਼ਤੇਦਾਰਾਂ ਨੇ ਬਹੁਤ ਤਾਅਨੇ-ਮਿਹਣੇ ਮਾਰ ਕੇ ਕਿਹਾ ਕਿ ਤੁਸੀਂ ਗੁਰੂ ਜੀ ਨੂੰ ਛੱਡ ਕੇ ਚੰਗਾ ਕੰਮ ਨਹੀਂ ਕੀਤਾ। ਤੁਸੀਂ ਗੁਰੂ ਜੀ ਤੋਂ ਬੇਮੁਖ ਹੋ ਕੇ ਆਏ ਹੋ। ਤੁਸੀਂ ਘਰਾਂ ਵਿੱਚ ਘੱਗਰੇ ਤੇ ਚੂੜੀਆਂ (ਵੰਗਾਂ) ਪਾ ਕੇ ਬੈਠੋ, ਅਸੀਂ ਜੰਗ ਲੜਨ ਜਾਂਦੀਆਂ ਹਾਂ। ਮਾਈ ਭਾਗੋ ਜੋ ਸੂਰਬੀਰ ਤੇ ਦਲੇਰ ਔਰਤ ਸੀ, ਉਸ ਦੀ ਪ੍ਰੇਰਨਾ ਨਾਲ ਇਹ 40 ਸਿੰਘ ਸਮੀਰ ਸਿੰਘ, ਸਰਜਾ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਗੰਗਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲਾ ਸਿੰਘ, ਕੀਰਤੀ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ (ਮਹਾਨ ਕੋਸ਼, ਚੌਥੀ ਵਾਰ, ਪੰਨਾ 981) ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਉਹਨਾਂ ਆਪਣੀ ਗਿਣਤੀ ਜ਼ਿਆਦਾ ਦਿਖਾਉਣ ਲਈ ਝਾੜੀਆਂ ਅਤੇ ਬੂਟੀਆਂ ਦੇ ਉੱਪਰ ਆਪਣੇ ਚਾਦਰੇ, ਪਰਨੇ ਅਤੇ ਹੋਰ ਕੱਪੜੇ ਪਾ ਕੇ ਤੰਬੂਆਂ ਦੀ ਸ਼ਕਲ ਵਿੱਚ ਬਦਲ ਦਿੱਤਾ। 40 ਸਿੰਘ ਮੁਗ਼ਲ ਫ਼ੌਜਾਂ ਨਾਲ ਜੂਝ ਕੇ ਲੜੇ।

ਯੁੱਧ ਖ਼ਤਮ ਹੋਣ ਤੋਂ ਬਾਅਦ ਗੁਰੂ ਜੀ ਜਦੋਂ ਲੜਾਈ ਦੇ ਮੈਦਾਨ ਵਿੱਚ ਪਹੁੰਚੇ, 39 ਸਿੰਘ ਸ਼ਹੀਦ ਹੋ ਚੁੱਕੇ ਸਨ। ਜਦੋਂ ਗੁਰੂ ਜੀ ਸਹਿਕ ਰਹੇ ਇੱਕ ਸਿੱਖ ਭਾਈ ਮਹਾਂ ਸਿੰਘ ਕੋਲ ਪਹੁੰਚੇ ਤਾਂ ਉਸ ਨੂੰ ਆਪਣੀ ਗੋਦੀ ਵਿੱਚ ਬਿਠਾਇਆ ਤੇ ਕੱਪੜੇ ਨਾਲ ਉਸ ਦਾ ਚਿਹਰਾ ਸਾਫ਼ ਕੀਤਾ। ਗੁਰੂ ਜੀ ਨੇ ਉਸ ਦੀ ਆਖ਼ਰੀ ਇੱਛਾ ਪੁੱਛੀ ਤੇ ਕਿਹਾ, "ਭਾਈ ਮਹਾਂ ਸਿੰਘ ! ਤੁਸੀਂ ਮਹਾਨ ਕੁਰਬਾਨੀ ਕੀਤੀ ਹੈ, ਮੰਗ ਲੈ, ਜੋ ਮੰਗੇਗਾ, ਉਹ ਜ਼ਰੂਰ ਮਿਲੇਗਾ।"

ਤਬ ਲੌ ਇਕ ਸਿਖ ਸਹਿਕਤ ਪਾਯੋ।
ਕਹਯੋ ਗੁਰੂ ਮਾਂਗੋ ਮਨ ਭਾਯੋ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)

ਸਿਸਕੀਆਂ ਭਰਦਿਆਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਤਰੁੱਠੇ ਹੋ ਤਾਂ ਅਨੰਦਪੁਰ ਸਾਹਿਬ ਵਿਖੇ ਜੰਗ ਸਮੇਂ ਅਸੀਂ 40 ਸਿੰਘ ਜੋ ਬੇਦਾਵਾ ਲਿਖ ਕੇ ਦੇ ਆਏ ਸੀ, ਉਹ ਪਾੜ ਦਿਉ ਅਤੇ ਸਾਡੀ ਟੁੱਟੀ ਗੰਢ ਦਿਉ। ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਭਾਈ ਮਹਾਂ ਸਿੰਘ ਤੇ ਸ਼ਹੀਦ ਹੋਏ ਸਿੰਘਾਂ ਨਾਲ ਟੁੱਟੀ ਗੰਢ ਦਿੱਤੀ।

ਸਿੱਖੀ ਹਿਤ ਜਿਨ ਰਾਜਨ ਚਾਹਯੋ।
ਸਿਦਕ ਔਰ ਉਪਕਾਰ ਨਿਬਾਹਯੋ।
ਜੇਬ ਬੀਚ ਤੈ ਤਬੈ ਨਿਕਾਰਯੋ।
ਕਾਗਜ ਸਨਮੁਖ ਤਾਂਕੇ ਫਾਰਯੋ।
ਗੁਰੂ ਤੇ ਵਲੀ ਗੁਰੂ ਕੇ ਸਿਖ ਹੈਂ।
ਯਹਿ ਗੁਰੂ ਕਹਯੋ ਲਏ ਹਿਮ ਪਿਖ ਹੈਂ।
ਤੂਟੀ ਸਿੱਖੀ ਫੇਰ ਮਿਲਾਈ।
ਪਰਉਪਕਾਰ ਕਰਯੋ ਬਹੁਤਾਈ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)

ਗੁਰੂ ਜੀ ਨੇ ਫ਼ਰਮਾਇਆ ਕਿ ਇਹ ਥਾਂ ਹੁਣ ਖਿਦਰਾਣਾ ਨਹੀਂ ਸਗੋਂ ਮੁਕਤੀ ਦਾ ਅਸਥਾਨ ਹੈ।

ਮੁਕਤਯੋਂ ਕਾ ਪਦ ਉਨਕੋ ਦੀਨਾ।
ਖਿਦਰਾਣੇ ਕੋ ਮੁਕਤਸਰ ਕੀਨਾ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 312)

ਗੁਰੂ ਜੀ ਨੇ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਅਤੇ ਹੋਰ ਵੱਡੇ-ਵੱਡੇ ਖਿਤਾਬ ਬਖ਼ਸ਼ੇ। ਇਹਨਾਂ 40 ਮੁਕਤਿਆਂ ਨੂੰ ਅਸੀਂ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਯਾਦ ਕਰਦੇ ਹਾਂ।

ਗੁਰਦੁਆਰਾ ਸ਼ਹੀਦ ਗੰਜ ਸ਼੍ਰੀ ਮੁਕਤਸਰ ਸਾਹਿਬ ਵਿਖੇ ਹਰ ਸਮੇਂ ਅਖੰਡ-ਪਾਠਾਂ ਦੀ ਲੜੀ ਚੱਲਦੀ ਰਹਿੰਦੀ ਹੈ। ਇਸ ਅਸਥਾਨ ਤੇ ਹਰ ਸਾਲ 40 ਮੁਕਤਿਆਂ ਦਾ ਸ਼ਹੀਦੀ ਦਿਹਾੜਾ 1, 2, ਤੇ 3 ਮਈ ਨੂੰ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। 1 ਮਈ ਨੂੰ ਅਖੰਡ-ਪਾਠ ਆਰੰਭ ਹੋਣਗੇ। ਇਸੇ ਦਿਹਾੜੇ ਗੁਰਦੁਆਰਾ ਟਿੱਬੀ ਸਾਹਿਬ ਤੋਂ ਨਗਰ-ਕੀਰਤਨ ਸਜਾਇਆ ਜਾਵੇਗਾ। 3 ਮਈ ਨੂੰ ਅਖੰਡ-ਪਾਠਾਂ ਦੇ ਭੋਗ ਪਾਏ ਜਾਣਗੇ। ਤਿੰਨ ਰੋਜ਼ਾ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਪ੍ਰਚਾਰਕ, ਢਾਡੀ ਗੁਰ ਇਤਿਹਾਸ, ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

# ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਮੂਨਕ ਪੁਲਿਸ ਵੱਲੋਂ 03 ਕੇਸ ਦਰਜ; 04 ਮੁਲਜ਼ਮ ਗ੍ਰਿਫਤਾਰ



**ਮੂਨਕ ( ਰਣਜੀਤ ਸਿੰਘ ਪੇਧਨੀ )**-ਸ਼੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ., ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਬ ਡਵੀਜ਼ਨ ਮੂਨਕ ਪੁਲਿਸ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 27.04.2026 ਤੋਂ 03.05.2026 ਤਕ ਐਨ.ਡੀ.ਪੀ.ਐਸ ਐਕਟ ਤਹਿਤ 01 ਮੁਕੱਦਮਾ ਦਰਜ ਕਰਕੇ 02 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 09 ਗ੍ਰਾਮ ਹੇਰੋਇਨ/ਚਿੱਟਾ ਬ੍ਰਾਮਦ ਕਰਵਾਇਆ ਅਤੇ 02 ਮੁਕੱਦਮੇ ਅ/ਧ 27/61/85 ਤਹਿਤ ਦਰਜ ਕਰਕੇ ਨਸ਼ੇ ਦੀ ਦਲਦਲ ਵਿੱਚ ਫਸੇ 02 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਅਤੇ 06 ਵਿਅਕਤੀਆਂ ਨੂੰ ਦਵਾਈ ਦਿਲਵਾਈ ਗਈ। ਇੱਕ ਮੁਕੱਦਮਾ ਐਕਸਾਇਜ ਐਕਟ ਤਹਿਤ ਦਰਜ ਕਰਕੇ ਮੁਲਜ਼ਮ ਪਾਸੋਂ 80 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਕੁੱਲ 13 ਵਿਅਕਤੀਆਂ ਖਿਲਾਫ ਰੋਕੂ ਕਾਰਵਾਈ ਅਮਲ ਵਿੱਚ ਲਿਆਂਦੀ ਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਹੀਕਲਾਂ ਦੇ ਵੱਖ-ਵੱਖ ਜੁਰਮਾਂ ਤਹਿਤ 86 ਟਰੈਫਿਕ ਚਲਾਣ ਕੀਤੇ ਗਏ ਹਨ। ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਕੇ 40 ਵਿਅਕਤੀਆਂ ਵਿਰੁੱਧ 172 BNSS ਤਹਿਤ ਕਾਰਵਾਈ ਕੀਤੀ ਗਈ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਅਤੇ ਨੌਜਵਾਨਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਟਰੱਸਟ ਸਦਾਵਰਤ ਪੰਚਾਇਤੀ ਵੱਲੋਂ 101 ਗਰੀਬ ਲੋੜਵੰਦ ਅਤੇ ਵਿਧਵਾ ਬੇਸਹਾਰਾ ਨੂੰ ਵੰਡਿਆ ਰਾਸ਼ਨ



ਫ਼ਿਰੋਜ਼ਪੁਰ, 03 ਮਈ (ਮਨੋਹਰ ਲਾਲ) :— ਹਮੇਸ਼ਾ ਮੂਹਰਲੀ ਕਤਾਰ ਵਿਚ ਰਹਿ ਕੇ ਟਰੱਸਟ ਸਦਾਵਰਤ ਪੰਚਾਇਤੀ ਜ਼ੋ ਕਿ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ 101 ਗਰੀਬ ਲੋੜਵੰਦ ਅਤੇ ਵਿਧਵਾਬੇਸਹਾਰਾ ਔਰਤਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਓਟ ਆਸਰਾ ਲਿਆ ਅਤੇ ਉਨ੍ਹਾਂ ਚੰਗੀਆਂ ਆਤਮਾਵਾਂ ਨੂੰ ਯਾਦ ਕੀਤਾ, ਜਿਨ੍ਹਾਂ ਨੇ 1914 ਵਿਚ ਇਸ ਟਰੱਸਟ ਸਦਾਵਰਤ ਪੰਚਾਇਤੀ ਰਜਿ: ਨੂੰ ਕਾਇਮ ਕੀਤਾ, ਜਿਨ੍ਹਾਂ ਨੇ ਆਪਣੀਆਂ ਜਾਇਦਾਦਾਂ ਅਤੇ ਪੈਸਾ ਉਸ ਵੇਲੇ ਲਾਇਆ ਜਦੋਂ 1914 ਵਿਚ ਕਾਲ ਪਿਆ ਸੀ ਅਤੇ ਲੋਕ ਭੁੱਖ ਮਾਰੀ ਦਾ ਸ਼ਿਕਾਰ ਹੋ ਗਏ ਤਾਂ ਕੁਝ ਬੁੱਧੀਜੀਵੀ ਅਤੇ ਧਨਾਢ ਲੋਕ ਇਕੱਠੇ ਹੋ ਕੇ ਇਸ ਟਰੱਸਟ ਦੀ ਨੀਂਵ ਰੱਖੀ, ਜ਼ੋ 112 ਸਾਲਾਂ ਹੋ ਗਏ ਹਨ, ਅੱਜ ਵੀ ਜਿਉਂ ਦੀ ਤਿਉਂ ਚੱਲ ਰਹੀ ਹੈ। ਇਸ ਮੌਕੇ ਤੇ ਟਰੱਸਟ ਦੇ ਅਹੁਦੇਦਾਰਾਂ ਅਸ਼ਵਨੀ ਮੌਂਗਾ ਪ੍ਰਧਾਨ, ਪੀ.ਸੀ ਕੁਮਾਰ ਜਨਰਲ ਸਕੱਤਰ, ਓਮ ਪ੍ਰਕਾਸ਼ ਕੈਸ਼ੀਅਰ, ਡੀ.ਏ ਬਜਾਜ, ਰਜਨੀਸ਼ ਕਪੂਰ, ਰਿਟਾਇਰ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਮਿਨੂ ਕਪੂਰ, ਮਦਨ ਲਾਲ ਆਦਿ ਹਾਜ਼ਰ ਸਨ। ਇਸ ਮੌਕੇ ਤੇ ਸ੍ਰੀ ਅਸ਼ਵਨੀ ਮੌਂਗਾ ਪ੍ਰਧਾਨ ਨੇ ਬੋਲਦਿਆਂ ਕਿਹਾ ਕਿ ਅਸੀਂ ਘਰ—ਘਰ ਜਾ ਕੇ ਪਤਾ ਕਰਦੇ ਹਾਂ ਕਿ ਕਿਹੜੇ—ਕਿਹੜੇ ਪਰਿਵਾਰਾਂ ਨੂੰ ਰਾਸ਼ਨ ਦੀ ਲੋੜ ਹੈ ਅਤੇ ਉਸ ਦਾ ਫਾਰਮ ਭਰਕੇ ਉਹਦਾ ਰਾਸ਼ਨ ਲਾਉਂਦੇ ਹਾਂ। ਇਸ ਮੌਕੇ ਤੇ ਸ੍ਰੀ ਪੀ.ਸੀ ਕੁਮਾਰ ਨੇ ਕਿਹਾ ਕਿ ਇਕੋ—ਇਕ ਸੰਸਥਾ ਟਰੱਸਟ ਸਦਾਵਰਤ ਪੰਚਾਇਤੀ ਜ਼ੋ ਕਿ ਮਨੁੱਖਾਂ ਤੋਂ ਇਲਾਵਾ ਜੀਵ ਜੰਤੂਆਂ ਦੀ ਵੀ ਸਾਂਭ—ਸੰਭਾਲ ਕਰਦੀ ਹੈ, ਜਿਵੇਂ ਕਿ ਮਨੁੱਖਾ ਲਈ ਲੰਗਰਾਂ ਵਿਚ ਹਿੱਸਾ ਕਰ ਮਹੀਨੇ ਪਾਉਂਦੀ ਹੈ, ਗਊਸ਼ਾਲਾ ਵਿਚ ਗਊਆਂ ਲਈ ਪੱਠੇ ਆਦਿ ਤੋਂ ਇਲਾਵਾ ਲੋੜਵੰਦ ਮਰੀਜਾਂ ਨੂੰ ਦਵਾਈਆਂ ਲੜਕੀਆਂ ਦੇ ਵਿਆਹ ਵਿਚ ਮੱਦਦ ਕਰਨਾ ਆਦਿ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਕੁਦਰਤੀ ਆਫਤਾਂ ਵਿਚ ਮੋਢੇ ਨਾਲ ਮੋਢਾ ਲਾ ਕੇ ਖੜਦੀ ਹੈ। ਇਸ ਮੌਕੇ ਤੇ ਓਮ ਪ੍ਰਕਾਸ਼ ਕੈਸ਼ੀਅਰ ਨੇ ਕਿਹਾ ਕਿ ਸਾਡਾ ਕੰਮ ਹੈ ਮਨੁੱਖਤਾ ਦੀ ਸੇਵਾ ਕਰਨਾ ਜ਼ੋ ਅਸੀਂ ਕਰ ਰਹੇ ਹਾਂ। ਇਸ ਮੌਕੇ ਤੇ ਸ੍ਰੀ ਡੀ.ਕੇ ਬਜਾਜ ਨੇ ਕਿਹਾ ਕਿ ਕੁਝ ਚੰਗੇ ਘਰ ਦੀਆਂ ਔਰਤਾਂ ਜਿਨ੍ਹਾਂ ਦੇ ਪਤੀ ਮਰ ਜਾਂਦੇ ਹਨ ਉਹ ਤੰਗੀ ਤੁਰਸ਼ੀ ਵਿਚ ਜੀ ਰਹੀਆਂ ਹਨ, ਅਸੀਂ ਉਨ੍ਹਾਂ ਦੇ ਘਰ—ਘਰ ਜਾ ਕੇ ਰਾਸ਼ਨ ਦਿੰਦੇ ਹਾਂ। ਇਸ ਮੌਕੇ ਤੇ ਸ੍ਰੀ ਰਜਨੀਸ਼ ਕਪੂਰ ਨੇ ਕਿਹਾ ਕਿ ਇਸ ਦੇ ਨਾਲ ਹੀ ਸਾਡਾ ਇਹ ਵੀ ਫਰਜ ਬਣਦਾ ਹੈ ਕਿ ਜਿਹੜੇ ਗਰੀਬ ਬੱਚੇ ਸਕੂਲ ਵਿਚ ਪੜ੍ਹਦੇ ਹਨ, ਸਾਨੂੰ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ ਅਤੇ ਮੈਂ ਆਪਣੀ ਜੇਬ ਵਿਚੋਂ 3—4 ਬੱਚਿਆਂ ਦੀ ਫੀਸ ਲਗਾਤਾਰ ਕਾਫੀ ਅਰਸੇ ਤੋਂ ਦੇ ਰਿਹਾ ਹਾਂ, ਇਸ ਲਈ ਇਨ੍ਹਾਂ ਬੱਚਿਆਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਮਿਨੂ ਕਪੂਰ ਨੇ ਬੋਲਦਿਆਂ ਕਿਹਾ ਕਿ ਸਾਨੂੰ ਮਨੁੱਖਤਾ ਦੀ ਸੇਵਾ ਹਰ ਤਰ੍ਹਾਂ ਨਾਲ ਕਰਨੀ ਚਾਹੀਦੀ ਹੈ, ਜੇ ਉਹ ਕਿਸੇ ਤਰ੍ਹਾਂ ਦੀ ਹੋਵੇ ਭਾਵੇਂ ਰਾਸ਼ਨ ਦੀ ਹੋਵੇ, ਦਵਾਈਆਂ ਦੀ ਹੋਵੇ ਜਾਂ ਫਿਰ ਗਰੀਬ ਬੱਚਿਆਂ ਦੇ ਵਿਆਹ ਦੀ ਹੋਵੇ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸੰਤ ਕਰਤਾਰ ਸਿੰਘ ਜੀ ਖ਼ਾਲਸਾ ਅਕੈਡਮੀ ਵਿਖੇ

# ਮਲੇਰੀਆ ਦਿਵਸ ਮਨਾਇਆ ਗਿਆ

**ਫ਼ਿਰੋਜ਼ਪੁਰ, 3 ਮਈ (ਮਨੋਹਰ ਲਾਲ) :—** ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਜੀ ਦੀ ਸਰਪ੍ਰਸਤੀ ਹੇਠ ਚਲ ਰਹੇ ਬਹੁਤ ਸਾਰੇ ਅਦਾਰਿਆਂ ਵਿਚੋਂ ਇਕ ਅਦਾਰਾ ਸੰਤ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਬੁਰਜ ਮੱਖਣ, ਫਿਰੋਜਪੁਰ ਵਿਚ 'ਮਲੇਰੀਆ ਦਿਵਸ' ਨਾਲ ਸੰਬੰਧਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਨੇ ਸਮੂਲੀਅਤ ਕੀਤੀ। ਵਿਦਿਆਰਥੀਆਂ ਵਿਚ ਦਸਵੀਂ ਕਲਾਸ ਦੀ ਸਿਮਰਨਪ੍ਰੀਤ ਕੌਰ ਅਤੇ ਛੇਵੀਂ ਕਲਾਸ ਦੇ ਪੰਥਪ੍ਰੀਤ ਸਿੰਘ ਨੇ ਮਲੇਰੀਆਂ ਨਾਲ ਸੰਬੰਧਿਤ ਵਿਚਾਰ ਪੇਸ਼ ਕੀਤੇ। ਅਧਿਆਪਕਾਂ ਵਿਚੋਂ ਮੈਡਮ ਅਮਨਦੀਪ ਕੌਰ ਅਤੇ ਮੈਡਮ ਲਤਾ ਨੇ ਮਲੇਰੀਆ ਦਿਵਸ ਦੇ ਪਿਛੋਕੜ ਨੂੰ ਦਸਦਿਆਂ ਮਲੇਰੀਆ ਨਾਲ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਚਾਣਨਾ ਪਾਇਆ। ਵਿਦਿਆਰਥੀ ਨੇ ਮਲੇਰੀਆ ਕਿਵੇਂ ਹਾਨੀਕਾਰਕ ਹੈ ਅਤੇ ਇਸ ਨਾਲ ਕਿਹੜੀਆਂ ਕਿਹੜੀਆਂ ਬਿਮਾਰੀਆਂ ਲਗਦੀਆਂ ਹਨ ਅਤੇ ਇਨ੍ਹਾਂ ਤੋਂ ਬਚਿਆ ਕਿਵੇਂ ਜਾਏ ਆਦਿ ਸੰਬੰਧੀ ਵਿਸਥਾਰ ਸਹਿਤ ਸਮਝਾਇਆ ਅੰਤ ਸਕੂਲ ਦੇ ਪ੍ਰਿੰਸੀਪਲ ਪ੍ਰਭਜੀਤ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸੈਮੀਨਾਰ ਵਿਚ ਪ੍ਰਿੰਸੀਪਲ ਹਰਸ਼ਦੀਪ ਸਿੰਘ (ਦਸਮੇਸ਼ ਅਦਾਰੇ), ਪ੍ਰਿੰਸੀਪਲ ਗੁਰਦੀਪ ਸਿੰਘ (ਖਾਲਸਾ ਕਾਲਜ ਮਹਿਤਾ), ਡਾ: ਅਰਜੁਨ ਸਿੰਘ, ਪ੍ਰਭਜੀਤ ਕੌਰ, ਮਨਪ੍ਰੀਤ ਕੌਰ (ਕੋਆਡੀਨੇਟਰ), ਸੁਖਦੇਵ ਸਿੰਘ, ਚਰਨਜੀਤ ਸਿੰਘ, ਮੈਡਮ ਲਤਾ, ਅਮਨਦੀਪ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਮਨਪ੍ਰੀਤ ਸਿੰਘ, ਮਨਪ੍ਰੀਤ ਕੌਰ ਆਦਿ।



ਰੋਟਰੀ ਕਲੱਬ ਫਿਰੋਜਪੁਰ ਨੇ ਲੋੜਵੰਦ ਪਰਿਵਾਰਾਂ ਲਈ ਮਜਦੂਰ ਦਿਵਸ ਨੂੰ ਮੱਦੇਨਜ਼ਰ ਰੱਖਦੇ ਹੋਏ

# ਡਿਸਟ੍ਰਿਕਟ ਗਵਰਨਰ ਰੋਟੇਰੀਅਨ ਭੁਪੇਸ਼ ਮਹਿਤਾ ਦੀ ਅਗਵਾਈ ਵਿੱਚ ਗੱਦੇ ਵੰਡੇ










**ਫ਼ਿਰੋਜ਼ਪੁਰ, 03 ਮਈ (ਮਨੋਹਰ ਲਾਲ) :—** ਸਮੇਂ ਸਮੇਂ ਤੇ ਸਮਾਜਿਕ ਗਤੀਵਿਧੀਆਂ ਕਰਦਿਆਂ ਅੱਜ ਰੋਟਰੀ ਕਲੱਬ ਫਿਰੋਜਪੁਰ ਵਲੋਂ ਰੋਟਰੀ ਭਵਨ ਵਿਖੇ ਡਿਸਟਰਿਕਟ ਗਵਰਨਰ ਰੋਟੇਰੀਅਨ ਭੁਪੇਸ਼ ਮਹਿਤਾ ਪੂਰਵ ਗਵਰਨਰ ਵਿਜੇ ਅਰੋੜਾ ਅਤੇ ਪ੍ਰੇਮ ਅਗਰਵਾਲ ਦੀ ਅਗਵਾਈ ਹੇਠ ਮਜ਼ਦੂਰ ਦਿਵਸ ਨੂੰ ਮੱਦੇਨਜ਼ਰ ਰੱਖਦੇ ਹੋਏ ਜਨਰਲ ਕੈਟਾਗਰੀ ਦੇ 15 ਲੋੜਵੰਦ ਪਰਿਵਾਰਾਂ ਨੂੰ ਗੱਦੇ ਵੰਡੇ। ਪ੍ਰੋਗਰਾਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਨਰੇਸ਼ ਮੁੰਜਾਲ ਨੇ ਕਿਹਾ ਕਿ ਇਹ ਗੱਦੇ ਵੰਡ ਪ੍ਰੋਗਰਾਮ ਸੰਦੇਸ਼ ਦਿੰਦਾ ਹੈ ਕਿ ਸਮਾਜ ਦੇ ਕਮਜ਼ੋਰ ਵਰਗਾਂ ਤੱਕ ਰੋਟਰੀ ਕਲੱਬ ਫਿਰੋਜਪੁਰ ਹਮੇਸ਼ਾ ਅੱਗੇ ਰਹਿੰਦਾ ਹੈ। ਰੋਟਰੀ ਟੀਮ ਵਿੱਚ ਸਕੱਤਰ ਸੰਦੀਪ ਸਿੰਗਲਾਂ, ਦਿਨੇਸ਼ ਕਟਾਰੀਆ, ਅਜੈ ਬਜਾਜ, ਪਰਦੀਪ ਬਿੰਦਰਾ, ਰਕੇਸ਼ ਚਾਵਲਾ, ਮਨੋਜ ਧਵਨ, ਹਰਦੀਪ ਸਿੰਘ, ਮਨਦੀਪ ਸਿੰਘ, ਸੁਖਵਿੰਦਰ ਖੰਨਾ ਆਦਿ ਹਾਜ਼ਰ ਸਨ।

ਕਲੱਬ ਦੇ ਪ੍ਰਧਾਨ ਕ੍ਰਿਪਾਲ ਸਿੰਘ ਮੱਕੜ ਅਤੇ ਡਾਕਟਰ ਸੁਰਿੰਦਰ ਸਿੰਘ ਕਪੂਰ ਨੇ ਕਿਹਾ ਕਿ ਜਿੱਥੇ ਸਰਕਾਰ ਦੀ ਪਹੁੰਚ ਨਹੀਂ ਹੁੰਦੀ ਉੱਥੇ ਰੋਟਰੀ ਕਲੱਬ ਵਰਗੀਆਂ ਐਨ.ਜੀ.ਓ ਸੰਸਥਾਵਾਂ ਪਹੁੰਚ ਕੇ ਕੰਮ ਕਰਦੀਆਂ ਹਨ। ਰੋਟਰੀ ਕਲੱਬ ਹਮੇਸ਼ਾ ਮਜ਼ਦੂਰ ਅਤੇ ਜਰੂਰਤਮੰਦ ਵਿਅਕਤੀ ਲਈ ਇਹੋ ਜਿਹੇ ਕੰਮ ਅੱਗੇ ਤੋਂ ਵੀ ਜਾਰੀ ਰੱਖੇਗਾ।

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਮਨਾਇਆ ਵਿਸ਼ਵ ਹਾਸਾ ਦਿਵਸ



**ਫ਼ਿਰੋਜ਼ਪੁਰ, 3 ਮਈ (ਮਨੋਹਰ ਲਾਲ) :—** ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿੱਚ ਖੁਸ਼ੀ, ਸਕਾਰਾਤਮਕਤਾ ਅਤੇ ਚੰਗੀ ਸਿਹਤ ਦਾ ਸੰਦੇਸ਼ ਫੈਲਾਉਣ ਲਈ ਵਿਸ਼ਵ ਹਾਸਾ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਚੇਅਰਮੈਨ ਡਾ: ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਅਤੇ ਜਨਰਲ ਸਕੱਤਰ ਸ਼ਿਵਮ ਸ਼ਰਮਾ ਦੀ ਨਿਗਰਾਨੀ ਹੇਠ ਹੋਏ ਇਸ ਸਮਾਗਮ ਵਿਚ ਵੱਡੀ ਗਿਣਤੀ ਸਕੂਲੀ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ, ਜਦੋਂ ਕਿ ਬੱਚਿਆਂ ਦੀ ਕਲਾਕਾਰੀ ਨੂੰ ਦੇਖਣ ਲਈ ਉਨ੍ਹਾਂ ਦੇ ਮਾਪਿਆਂ ਨੇ ਵੀ ਸਕੂਲ ਕੈਂਪਸ ਵਿਚ ਪਹੁੰਚ ਕੀਤੀ। ਉਨ੍ਹਾਂ ਦੱਸਿਆ ਕਿ ਸਵੇਰ ਦੀ ਸਭਾ ਦੌਰਾਨ ਬੱਚਿਆਂ ਨੇ ਵਿਸ਼ਵ ਹਾਸਾ ਦਿਵਸ ਦੀ ਮਹੱਤਤਾ ਅਤੇ ਇਸਦੇ ਇਤਿਹਾਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਵਿਦਿਆਰਥੀਆਂ ਨੇ ਹਾਸੇ ਮਜ਼ਾਕ ਵਾਲੀਆਂ ਪੇਸ਼ਕਾਰੀਆਂ ਦਿੱਤੀਆਂ ਜਿਨ੍ਹਾਂ ਨੇ ਸਾਰਿਆਂ ਨੂੰ ਝੰਜੋੜ ਦਿੱਤਾ, ਬੱਚਿਆਂ ਦਾ ਹਾਸਾ ਸਕੂਲ ਦੇ ਵਿਹੜੇ ਵਿੱਚ ਗੂੰਜਦਾ ਰਿਹਾ। ਸਮਾਗਮ ਦੌਰਾਨ ਹਾਸਾ ਯੋਗਾ ਵੀ ਕੀਤਾ ਗਿਆ, ਜਿਸ ਵਿੱਚ ਸਾਰੇ ਵਿਦਿਆਰਥੀ ਅਤੇ ਅਧਿਆਪਕ ਸ਼ਾਮਲ ਹੋਏ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਅਤੇ ਜਨਰਲ ਸਕੱਤਰ ਸ਼ਿਵਮ ਸ਼ਰਮਾ ਨੇ ਕਿਹਾ ਕਿ ਹਾਸਾ ਨਾ ਸਿਰਫ਼ ਤਣਾਅ ਘਟਾਉਂਦਾ ਹੈ ਬਲਕਿ ਇੱਕ ਦਵਾਈ ਵਜੋਂ ਵੀ ਕੰਮ ਕਰਦਾ ਹੈ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਹਾਜ਼ਰ ਲੋਕਾਂ ਨੂੰ ਵਿਸਥਾਰ ਵਿੱਚ ਦੱਸਿਆ ਕਿ ਹਾਸਾ ਸਾਡੇ ਸਾਰਿਆਂ ਲਈ ਬਹੁਤ ਮਹੱਤਵਪੂਰਨ ਹੈ, ਇਹ ਇੱਕ ਦਵਾਈ ਵਜੋਂ ਕੰਮ ਕਰਦਾ ਹੈ। ਜੇਕਰ ਅਸੀਂ ਦਿਨ ਰਾਤ ਬਿਨਾਂ ਹੱਸੇ ਅਤੇ ਖੁਸ਼ ਰਹਿ ਕੇ ਕੰਮ ਕਰਦੇ ਹਾਂ, ਤਾਂ ਅਸੀਂ ਬਿਮਾਰ ਹੋਵਾਂਗੇ। ਉਨ੍ਹਾਂ ਕਿਹਾ ਕਿ ਅੱਜ ਦੇ ਤਣਾਅਪੂਰਨ ਜੀਵਨ ਵਿੱਚ ਆਪਣੇ—ਆਪ ਨੂੰ ਖੁਸ਼ ਰੱਖਣਾ ਬਹੁਤ ਜ਼ਰੂਰੀ ਹੈ, ਆਓ ਹਾਸੇ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਦਾ ਹਿੱਸਾ ਬਣਾਈਏ।

## ਮੋਗਾ ਵਿਧਾਨ ਸਭਾ ਹਲਕਾ ਤੋਂ ਮਾਲਵਿਕਾ ਸੂਦ ਸੱਚਰ—ਸੇਵਾ ਦੇ ਰੰਗ ਵਿੱਚ ਰੰਗੀ ਸਿਆਸਤ ਅਤੇ ਬਦਲਾਅ ਦੀ ਨਵੀਂ ਉਮੀਦ




ਮੋਗਾ ਦੀ ਸਿਆਸੀ ਧਰਤੀ ਹਮੇਸ਼ਾ ਹੀ ਬੜੀ ਜਰਖੇਜ਼ ਰਹੀ ਹੈ। ਇੱਥੋਂ ਦੇ ਵੋਟਰਾਂ ਨੇ ਕਈ ਦਿੱਗਜਾਂ ਨੂੰ ਅਰਸ਼ਾਂ 'ਤੇ ਪਹੁੰਚਾਇਆ ਹੈ ਅਤੇ ਕਈਆਂ ਨੂੰ ਫਰਸ਼ 'ਤੇ ਵੀ ਸੁੱਟਿਆ ਹੈ। ਪਰ 2027 ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਜੋ ਸਿਆਸੀ ਸਮੀਕਰਨ ਬਣ ਰਹੇ ਹਨ, ਉਨ੍ਹਾਂ ਵਿੱਚ ਇੱਕ ਨਾਮ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆ ਰਿਹਾ ਹੈ— ਮਾਲਵਿਕਾ ਸੂਦ ਸੱਚਰ। ਅੱਜ ਮੋਗਾ ਦੀਆਂ ਗਲੀਆਂ ਅਤੇ ਚੌਰਾਹਿਆਂ ਵਿੱਚ ਇਹ ਚਰਚਾ ਆਮ ਹੈ ਕਿ ਇਸ ਵਾਰ ਮੁਕਾਬਲਾ 'ਰਵਾਇਤੀ ਸਿਆਸਤ' ਬਨਾਮ 'ਸੇਵਾ ਦੀ ਸਿਆਸਤ' ਵਿਚਕਾਰ ਹੋਵੇਗਾ।

**ਸਿਆਸੀ ਵਿਰਾਸਤ ਨਹੀਂ, ਲੋਕ-ਸੇਵਾ ਦੀ ਪਛਾਣ**-ਆਮ ਤੌਰ 'ਤੇ ਸਿਆਸਤਦਾਨਾਂ ਦੇ ਬੱਚੇ ਜਾਂ ਰਿਸ਼ਤੇਦਾਰ ਸਿਆਸੀ ਵਿਰਾਸਤ ਦੇ ਦਮ 'ਤੇ ਚੋਣਾਂ ਲੜਦੇ ਹਨ, ਪਰ ਮਾਲਵਿਕਾ ਸੂਦ ਨੇ ਆਪਣੀ ਪਛਾਣ ਖੁਦ ਬਣਾਈ ਹੈ। ਭਾਵੇਂ ਉਨ੍ਹਾਂ ਦੇ ਭਰਾ ਸੋਨੂੰ ਸੂਦ ਦਾ ਨਾਮ ਵਿਸ਼ਵ ਪੱਧਰ 'ਤੇ ਮਸ਼ਹੂਰ ਹੈ, ਪਰ ਮੋਗਾ ਵਿੱਚ ਮਾਲਵਿਕਾ ਨੇ ਪਿਛਲੇ ਕੁਝ ਸਾਲਾਂ ਵਿੱਚ ਜੋ ਸਥਾਨ ਹਾਸਲ ਕੀਤਾ ਹੈ, ਉਹ ਉਨ੍ਹਾਂ ਦੀ ਆਪਣੀ ਮਿਹਨਤ ਦਾ ਨਤੀਜਾ ਹੈ। 2022 ਦੀ ਚੋਣ ਹਾਰਨ ਤੋਂ ਬਾਅਦ, ਜਿੱਥੇ ਦੂਜੇ ਉਮੀਦਵਾਰਾਂ ਨੇ ਆਪਣੇ ਬੋਰਡ ਉਤਾਰ ਦਿੱਤੇ ਸਨ, ਉੱਥੇ ਮਾਲਵਿਕਾ ਨੇ ਲੋਕਾਂ ਦੇ ਦਿਲਾਂ ਵਿੱਚ ਆਪਣੇ 'ਸੇਵਾ ਦੇ ਬੋਰਡ' ਹੋਰ ਮਜ਼ਬੂਤੀ ਨਾਲ ਗੱਡ ਦਿੱਤੇ।

**ਮਾਲਵਿਕਾ ਦਾ ਜਾਦੂ**-ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਅੱਜ ਮੋਗਾ ਵਿੱਚ ਮਾਲਵਿਕਾ ਸੂਦ ਦਾ ਨਾਮ ਹਰ ਕਿਸੇ ਦੀ ਜ਼ੁਬਾਨ 'ਤੇ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ 'ਗਰਾਊਂਡ ਕਨੈਕਟ' ਹੈ। ਚਾਹੇ ਕਿਸੇ ਗਰੀਬ ਪਰਿਵਾਰ ਦੀ ਧੀ ਦਾ ਵਿਆਹ ਹੋਵੇ, ਕਿਸੇ ਮਰੀਜ਼ ਨੂੰ ਇਲਾਜ ਦੀ ਲੋੜ ਹੋਵੇ ਜਾਂ ਕਿਸੇ ਨੌਜਵਾਨ ਨੂੰ ਸਿੱਖਿਆ ਲਈ ਮਦਦ ਚਾਹੀਦੀ ਹੋਵੇ—ਮਾਲਵਿਕਾ ਸੂਦ ਇੱਕ ਫੋਨ ਕਾਲ 'ਤੇ ਹਾਜ਼ਰ ਮਿਲਦੇ ਹਨ। ਉਨ੍ਹਾਂ ਦੀ ਇਹ 'ਉਪਲਬਧਤਾ' ਹੀ ਉਨ੍ਹਾਂ ਨੂੰ ਦੂਜੇ ਸਿਆਸਤਦਾਨਾਂ ਤੋਂ ਵੱਖਰਾ ਕਰਦੀ ਹੈ, ਜੋ ਕੇਵਲ ਵੋਟਾਂ ਵੇਲੇ ਹੀ ਨਜ਼ਰ ਆਉਂਦੇ ਹਨ।

**2027 ਦੀ ਜਬਰਦਸਤ ਟੱਕਰ: ਵਿਰੋਧੀਆਂ ਦੀਆਂ ਵਧੀਆਂ ਧੜਕਣਾਂ**-ਮਾਲਵਿਕਾ ਸੂਦ ਦੀ ਵਧਦੀ ਲੋਕਪ੍ਰਿਯਤਾ ਨੇ ਮੌਜੂਦਾ ਵਿਧਾਇਕਾਂ ਅਤੇ ਸਾਬਕਾ ਦਿੱਗਜਾਂ ਦੀ ਨੀਂਦ ਉਡਾ ਦਿੱਤੀ ਹੈ। 2027 ਵਿੱਚ ਮਾਲਵਿਕਾ ਵੱਲੋਂ ਦਿੱਤੀ ਜਾਣ ਵਾਲੀ ਟੱਕਰ ਇੰਨੀ ਜਬਰਦਸਤ ਹੋਣ ਦੀ ਉਮੀਦ ਹੈ ਕਿ ਸਿਆਸੀ ਮਾਹਿਰਾਂ ਅਨੁਸਾਰ ਇਸ ਵਾਰ 'ਵੋਟਾਂ ਦਾ ਧਰੁਵੀਕਰਨ' ਸ਼ਖਸੀਅਤ ਦੇ ਆਧਾਰ 'ਤੇ ਹੋਵੇਗਾ। ਲੋਕ ਹੁਣ ਪਾਰਟੀਆਂ ਦੇ ਚਿੰਨ੍ਹਾਂ ਨੂੰ ਛੱਡ ਕੇ 'ਕੰਮ ਕਰਨ ਵਾਲੇ ਚਿਹਰੇ' ਨੂੰ ਤਰਜੀਹ ਦੇ ਰਹੇ ਹਨ।

**ਔਰਤਾਂ ਅਤੇ ਨੌਜਵਾਨ: ਮਾਲਵਿਕਾ ਦੀ ਮੁੱਖ ਤਾਕਤ**-ਮੋਗਾ ਦੇ ਸਿਆਸੀ ਦੰਗਲ ਵਿੱਚ ਮਾਲਵਿਕਾ ਸੂਦ ਦੇ ਪੱਖ ਵਿੱਚ ਦੋ ਵੱਡੇ ਵਰਗ ਖੜ੍ਹੇ ਦਿਖਾਈ ਦੇ ਰਹੇ ਹਨ: ਮਾਲਵਿਕਾ ਨੇ ਔਰਤਾਂ ਨੂੰ ਸਿਲਾਈ ਮਸ਼ੀਨਾਂ ਵੰਡਣ ਤੋਂ ਲੈ ਕੇ ਉਨ੍ਹਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਤੱਕ ਕਈ ਵੱਡੇ ਉਪਰਾਲੇ ਕੀਤੇ ਹਨ। ਇਸ ਕਾਰਨ ਮੋਗਾ ਦੀਆਂ ਔਰਤਾਂ ਉਨ੍ਹਾਂ ਨੂੰ ਆਪਣੀ ਸੱਚੀ ਨੁਮਾਇੰਦਾ ਮੰਨ ਰਹੀਆਂ ਹਨ।

ਪੜ੍ਹੇ-ਲਿਖੇ ਹੋਣ ਕਾਰਨ ਮਾਲਵਿਕਾ ਨੌਜਵਾਨਾਂ ਦੀ ਭਾਸ਼ਾ ਸਮਝਦੇ ਹਨ। ਉਹ ਨਸ਼ਿਆਂ ਵਿਰੁੱਧ ਕੇਵਲ ਭਾਸ਼ਣ ਨਹੀਂ ਦਿੰਦੇ, ਸਗੋਂ ਨੌਜਵਾਨਾਂ ਨੂੰ ਖੇਡਾਂ ਅਤੇ ਉਸਾਰੂ ਕੰਮਾਂ ਵੱਲ ਲਗਾਉਣ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਨ।

**ਮੋਗਾ ਦੀ ਨੁਹਾਰ ਬਦਲਣ ਦਾ ਵਿਜ਼ਨ**-ਮਾਲਵਿਕਾ ਸੂਦ ਦਾ ਏਜੰਡਾ ਬੜਾ ਸਪੱਸ਼ਟ ਹੈ। ਉਹ ਮੋਗਾ ਨੂੰ ਕੇਵਲ ਇੱਕ ਸ਼ਹਿਰ ਵਜੋਂ ਨਹੀਂ, ਸਗੋਂ ਇੱਕ 'ਮਾਡਲ ਸਿਟੀ' ਵਜੋਂ ਵਿਕਸਤ ਕਰਨਾ ਚਾਹੁੰਦੇ ਹਨ। ਉਨ੍ਹਾਂ ਦੇ ਮੁੱਖ ਮੁੱਦਿਆਂ ਵਿੱਚ ਸ਼ਾਮਲ ਹਨ: ਮੋਗਾ ਵਿੱਚ ਅਤਿ-ਆਧੁਨਿਕ ਸਿਹਤ ਸਹੂਲਤਾਂ ਦੀ ਸਥਾਪਨਾ ਤਾਂ ਜੋ ਕਿਸੇ ਨੂੰ ਲੁਧਿਆਣਾ ਜਾਂ ਚੰਡੀਗੜ੍ਹ ਨਾ ਜਾਣਾ ਪਵੇ।

ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣਾ ਅਤੇ ਤਕਨੀਕੀ ਸਿੱਖਿਆ 'ਤੇ ਜ਼ੋਰ ਦੇਣਾ।

ਸ਼ਹਿਰ ਦੀ ਟ੍ਰੈਫਿਕ, ਸੀਵਰੇਜ ਅਤੇ ਸਫ਼ਾਈ ਵਿਵਸਥਾ ਨੂੰ ਵਿਗਿਆਨਕ ਤਰੀਕੇ ਨਾਲ ਸੁਧਾਰਨਾ।

ਬਿਨਾਂ ਸ਼ੱਕ, 2027 ਦੀ ਰਾਹ ਵਿੱਚ ਕੰਡੇ ਵੀ ਹੋਣਗੇ। ਵਿਰੋਧੀ ਪਾਰਟੀਆਂ ਵੱਲੋਂ ਅੰਦਰੂਨੀ ਗੱਠਜੋੜ ਅਤੇ ਦੋਸ਼ਾਂ ਦੀ ਰਾਜਨੀਤੀ ਵੀ ਕੀਤੀ ਜਾਵੇਗੀ। ਪਰ ਜਿਸ ਤਰ੍ਹਾਂ ਮਾਲਵਿਕਾ ਸੂਦ ਨੇ ਮੋਗਾ ਵਿੱਚ ਆਪਣਾ ਇੱਕ 'ਸਾਇਲੈਂਟ ਵੋਟ ਬੈਂਕ' ਤਿਆਰ ਕੀਤਾ ਹੈ, ਉਸ ਨੂੰ ਤੋੜਨਾ ਕਿਸੇ ਵੀ ਵਿਰੋਧੀ ਲਈ ਸੌਖਾ ਨਹੀਂ ਹੋਵੇਗਾ। ਲੋਕਾਂ ਵਿੱਚ ਇਹ ਪ੍ਰਭਾਵ ਬਣ ਚੁੱਕਾ ਹੈ ਕਿ ਜੇਕਰ ਕੋਈ ਮੋਗਾ ਦੀ ਤਕਦੀਰ ਬਦਲ ਸਕਦਾ ਹੈ, ਤਾਂ ਉਹ ਮਾਲਵਿਕਾ ਸੂਦ ਹੀ ਹਨ। ਮੋਗਾ ਦੀ ਸਿਆਸਤ ਹੁਣ ਨਾਅਰਿਆਂ ਤੋਂ ਅੱਗੇ ਨਿਕਲ ਕੇ 'ਨਤੀਜਿਆਂ' 'ਤੇ ਆ ਗਈ ਹੈ। ਮਾਲਵਿਕਾ ਸੂਦ ਦੀ ਜਬਰਦਸਤ ਟੱਕਰ ਅਤੇ ਹਰ ਜ਼ੁਬਾਨ 'ਤੇ ਉਨ੍ਹਾਂ ਦਾ ਨਾਮ ਇਸ ਗੱਲ ਦਾ ਸਬੂਤ ਹੈ ਕਿ ਮੋਗਾ ਬਦਲਾਅ ਲਈ ਤਿਆਰ ਹੈ। 2027 ਦੀਆਂ ਚੋਣਾਂ ਵਿੱਚ ਮਾਲਵਿਕਾ ਸੂਦ ਨਾ ਸਿਰਫ਼ ਇੱਕ ਮਜ਼ਬੂਤ ਉਮੀਦਵਾਰ ਵਜੋਂ ਉੱਭਰਨਗੇ, ਸਗੋਂ ਉਹ ਮੋਗਾ ਦੀ ਸਿਆਸਤ ਦੀ ਇੱਕ ਨਵੀਂ ਇਬਾਰਤ ਲਿਖਣ ਦੇ ਵੀ ਸਮਰੱਥ ਹਨ। ਮੋਗਾ ਵਾਸੀਆਂ ਦੀਆਂ ਉਮੀਦਾਂ ਅਤੇ ਮਾਲਵਿਕਾ ਦੀ ਮਿਹਨਤ ਦਾ ਮੇਲ ਇਸ ਵਾਰ ਚੋਣ ਨਤੀਜਿਆਂ ਵਿੱਚ ਕੋਈ ਵੱਡਾ ਚਮਤਕਾਰ ਕਰ ਸਕਦਾ ਹੈ।

**-ਪ੍ਰਗਟ ਸਿੰਘ ਗਿੱਲ ਬਾਗੀ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸਾਡੇ ਸਰਦਾਰ ਅਜੈਬ ਸਿੰਘ ਜੀ ਦੇ ਸਪੁੱਤਰ ਸ. ਹਰਦੀਪ ਸਿੰਘ ਸ. ਅਵਤਾਰ ਸਿੰਘ ਵੱਲੋਂ ਰਾਮਾ ਮੰਡੀ ਬਠਿੰਡਾ ਵਿਖੇ ''ਦਾ ਮਾਡਰਨ ਪੀਜ਼ਾ ਹਾਊਸ'' ਖੋਲਿਆ ਗਿਆ**

# ਉਦਘਾਟਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ












ਸਾਡੇ ਸਰਦਾਰ ਅਜੈਬ ਸਿੰਘ ਜੀ ਦੇ ਸਪੁੱਤਰ ਸ. ਹਰਦੀਪ ਸਿੰਘ ਸ. ਅਵਤਾਰ ਸਿੰਘ ਵੱਲੋਂ ਰਾਮਾ ਮੰਡੀ ਬਠਿੰਡਾ ਵਿਖੇ ''ਦਾ ਮਾਡਰਨ ਪੀਜ਼ਾ ਹਾਊਸ'' ਖੋਲਿਆ ਗਿਆ ਜਿਸ ਦਾ ਉਦਘਾਟਨ ਅੱਜ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੂਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਇਸ ਸਮੇਂ ਸਰਦਾਰ ਅਜੈਬ ਸਿੰਘ,ਸ. ਹਰਦੀਪ ਸਿੰਘ,ਸ. ਅਵਤਾਰ ਸਿੰਘ,ਡਾਕਟਰ ਜਗਮੀਤ ਸਿੰਘ ਲਾਡੀ,ਕਾਕਾ ਸੁਖਵੀਰ ਸਿੰਘ,ਕਾਕਾ ਸ਼ਿਹਬਾਜ ਸਿੰਘ ਸਮੇਤ ਜੱਥੇ ਦੇ ਸਿੰਘ ਹਾਜ਼ਰ ਸਨ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਸੰਗਤਪੁਰਾ ਬਥਵਾਲਾ ਗੁਰਦਾਸਪੁਰ ਵਿਖੇ

# ਜੂਨ 84 ਦੇ ਸ਼ਹੀਦਾਂ ਦੀ ਯਾਦ 'ਚ ਸਜੇ ਧਾਰਮਿਕ ਦੀਵਾਨ

## ਆਓ ਨਿੱਤਨੇਮ ਦੇ ਧਾਰਨੀ ਬਣਕੇ ਜੀਵਨ ਸਫਲਾ ਕਰੀਏ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ












**ਚੌਂਕ ਮਹਿਤਾ, 3 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਜੂਨ '84 ਤੀਸਰਾ ਘੱਲੂਘਾਰਾ 'ਚ ਸ਼ਹੀਦ ਹੋਏ ਕੌਮੀ ਯੋਧਿਆਂ ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਸ਼ਬਦ ਕੀਰਤਨ ਅਤੇ ਕਥਾ ਸਮਾਗਮ ਜਿਲਾ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਵੱਖ ਵੱਖ ਨਗਰਾਂ ਵਿਚ ਕੀਤੇ ਜਾ ਰਹੇ ਹਨ। ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸਜਾਏ ਜਾਣ ਵਾਲੇ ਇਨ੍ਹਾਂ ਧਾਰਮਿਕ ਦੀਵਾਨਾਂ ਦੀ ਲੜੀ ਦੇ ਤਹਿਤ ਅੱਜ ਦੇ ਦੀਵਾਨ ਗੁਰਦੁਆਰਾ ਸੰਗਤਪੁਰਾ ਬਥਵਾਲਾ (ਗੁਰਦਾਸਪੁਰ) ਵਿਖੇ ਸਜਾਏ ਗਏ। ਜਿਸ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸ਼੍ਰੀ ਸੂਰਜ ਪ੍ਰਕਾਸ਼ ਗ੍ਰੰਥ ਚੋਂ ਗੁਰ ਇਤਹਾਸ ਦੀ ਕਥਾ ਸਰਵਨ ਕਰਵਾ ਕੇ ਦੀਵਾਨ ਵਿਚ ਜੁੜੀਆਂ ਬੇਅੰਤ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਖਾਲਸਾ ਨੇ ਸੰਗਤਾਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣਨ ਦੀ ਸੇਧ ਦਿੱਤੀ ਅਤੇ ਆਖਿਆ ਕਿ ਆਓ ਸਾਰੇ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜ ਕੇ ਨਿੱਤਨੇਮ ਦੇ ਧਾਰਨੀ ਬਣੀਏ ਅਤੇ ਆਪਣਾ ਜੀਵਨ ਸਫਲਾ ਕਰੀਏ। ਇਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਅਮ੍ਰਿੰਤਪਾਲ ਸਿੰਘ ਦੇ ਜੱਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕਰਵਾਇਆ ਅਤੇ ਪੋਥੀ ਦੇ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਖਾਲਸਾ ਨੇ ਨਿਭਾਈ। ਸਮਾਗਮ ਦੇ ਅਖੀਰ ਵਿਚ ਪ੍ਰਬੰਧਕਾਂ ਦੇ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਦੁਸ਼ਾਲਾ ਭੇਟ ਕਰਕੇ ਸਨਮਨਿਤ ਕੀਤਾ ਗਿਆ। ਜਿਕਰਯੋਗ ਹੈ ਕਿ 31 ਮਈ ਨੂੰ ਇਨ੍ਹਾਂ ਗੁਰਮਤਿ ਸਮਾਗਮਾਂ ਦੀ ਸਮਾਪਤੀ ਹੋਵੇਗੀ।ਉਪਰੰਤ 1 ਤੋਂ 5 ਜੂਨ ਤਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸ਼ਹੀਦੀ ਹਫਤਾ ਮਨਾਇਆ ਜਾਵੇਗਾ, ਜਿਸ ਦੌਰਾਨ ਸ਼ਾਮ ਰੋਜਾਨਾ ਸ਼ਾਮ 4 ਤੋਂ 6 ਵਜੇ ਤੱਕ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚਲੇਗਾ। 6 ਜੂਨ ਨੂੰ 42ਵਾਂ ਮੁੱਖ ਤੇ ਮਹਾਨ ਸ਼ਹੀਦੀ ਸਮਾਗਮ ਮਨਾਇਆ ਜਾਵੇਗਾ, ਜਿਸ ਦੌਰਾਨ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦਾ ਲਾਮਿਸਾਲ ਪੰਥਕ ਇਕੱਠ ਹੋਵੇਗਾ, ਇਸ ਮੌਕੇ ਪ੍ਰਮੁੱਖ ਧਾਰਮਿਕ ਹਸਤੀਆਂ ਤੇ ਸੰਗਤਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ। ਇਸ ਮੌਕੇ ਤੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ, ਹੈੱਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਜਥੇਦਾਰ ਬਾਬਾ ਅਜੀਤ ਸਿੰਘ ਮੁੱਖੀ ਤਰਨਾ ਦਲ ਮਹਿਤਾ, ਜਥੇਦਾਰ ਬਾਬਾ ਬੋਹੜ ਸਿੰਘ, ਗਿਆਨੀ ਗੁਰਬਾਜ ਸਿੰਘ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਡਾਕਟਰ ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ ਵੈਦ,ਪ੍ਰੋਫਸਰ ਗਿਆਨੀ ਜੋਬਨਜੀਤ ਸਿੰਘ, ਭਾਈ ਨਿਰਮਲ ਸਿੰਘ, ਗਿਆਨੀ ਮੋਹਣ ਸਿੰਘ, ਭਾਈ ਗੁਰਕਿਰਪਾਲ ਸਿੰਘ, ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243